# ਅੰਮ੍ਰਿਤ ਕੀਰਤਨ

## ਜੂਨ 2013



Courtesy by : amritsartemples.in

ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਏ।

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੂੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਟ

ਟੇਕ ਜਿਨ੍ਹਾਂ ਨੂੰ ਸਾਈਂ ਵਾਲੀ,
ਸੋਈ ਸੁਖੀ ਵਸੰਦੇ ਹੂ।

ਪ੍ਰਾਤਾ ਕਾਲ ਸਵੇਰੇ ਉੱਠ ਕੇ,
ਭਗਤੀ ਵਿਚ ਬਹਿੰਦੇ ਹੂ।

ਕਾਰ ਵਿਹਾਰ ਸੁਚੱਜਾ ਕਰਦੇ,
ਨੇਕੀ ਮੁਖ ਰਖੰਦੇ ਹੂ।

ਜੋਈ ਸਿਮਰਨ ਪ੍ਰਭ ਦਾ ਕਰਦੇ,
ਉਹੀ ਰਬ ਦੇ ਬੰਦੇ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ-ਬੁਰੇ ਦਾ ਭਲਾ ਕਰ 5

ਗੁਰੂ ਅਰਜਨ ਦੇਵ ਜੀ: ਮਹਾਨ ਸੰਪਾਦਕ
ਪ੍ਰੋ.ਰਵਿੰਦਰ ਕੌਰ **6**

ਰਾਗ ਅਤੇ ਰਸ
ਡਾ. ਅਮਿਤਾ ਪਾਂਡੇ 8

**ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਸੰਗੀਤ ਦਾ ਮਹੱਤਵ**
**ਡਾ. ਜਤਿੰਦਰ ਕੌਰ** 13

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ
ਸਤਨਾਮ ਕੌਰ 16

**ਸਿੱਖੀ ਦੇ ਪ੍ਰਚਾਰ ਲਈ ਪੰਜਾਬੀ ਯੂਨੀਵਰਸਿਟੀ ਦੀ ਇਕ ਅਦੁੱਤੀ ਪਹਿਲ**
**ਤਰਲੋਚਨ ਸਿੰਘ** **17**

ਸਿੱਖ ਇਤਿਹਾਸ ਦੀਆਂ ਝਲਕੀਆਂ
ਕੁਲਦੀਪ ਸਿੰਘ ਧੀਰ 18

**ਡਾ.ਜਾਗੀਰ ਸਿੰਘ** ਜੀ ਦੀਆਂ ਗੁਰਮਤਿ ਸੰਗੀਤ ਸੰਬੰਧੀ ਪੁਸਤਕਾਂ
**ਰਿਸ਼ਪਾਲ ਸਿੰਘ** **21**

**ਤੰਤੀ ਸਾਜ਼ ਵਾਦਕ ਭਾਈ ਨਵਜਿੰਦਰ ਸਿੰਘ**
**ਕਮਲਜੀਤ ਸਿੰਘ** **23**

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


### ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਦੇ ਮਾਰਚ ਅੰਕ ਵਿਚ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ (ਛਪਿਆ ਕਰਤਾਰ ਸਿੰਘ ਹੈ) ਦਾ ਲੇਖ ਜੀਵਨ ਵਿਚ ਸੰਗੀਤ ਦਾ ਮਹੱਤਵ - 8 ਪੰਨੇ ਦਾ ਲੇਖਾਂਸ਼ ਪੜ੍ਹਿਆ। ਲੇਖਾਂਸ਼ ਇਸ ਲਈ ਕਿਹਾ ਹੈ ਕਿਉਂਕਿ 'ਚਲਦਾ' ਦੀ ਸੂਚਨਾ ਆਖਿਰ ਵਿਚ ਦਰਜ ਹੈ। ਇਸ ਲੇਖ ਵਿਚ ਵਸਤੂ ਦਾ ਸੰਕਲਨ ਕਾਫੀ ਕੀਤਾ ਹੈ। ਪਰ ਇੰਝ ਲਗਦਾ ਹੈ ਕਿ ਗਿਆਨ ਭੰਡਾਰ ਤੇ ਵਿਚਾਰਾਂ ਦੇ ਹੜ੍ਹ ਨਾਲ ਭਰਪੂਰ ਇਹ ਲੇਖ ਜ਼ਿਆਦਾ ਲਾਭਕਾਰੀ ਤੇ ਸਪਸ਼ਟ ਹੋ ਸਕਦਾ ਸੀ ਜੇ ਇਸੇ ਵਸਤੂ ਨੂੰ ਤਰਤੀਬ ਦੇ ਕੇ ਉਪ ਸਿਰਲੇਖਾਂ ਹੇਠ ਪ੍ਰਕਾਸ਼ਤ ਕੀਤਾ ਜਾਂਦਾ। ਸਾਮੰਤ ਕੌਰ ਦਾ ਹਿੰਦੀ ਲੇਖ ਵੀ ਪੜ੍ਹਿਆ ਪੜ੍ਹਿਆ ਲਗਦਾ ਹੈ ਜਾਂ ਵਿਸ਼ੇ ਵਸਤੂ ਵਿਚ ਨਵੀਨਤਾ ਨਾ ਹੋਣ ਕਰਕੇ ਅਜਿਹਾ ਮਹਿਸੂਸ ਹੋਇਆ ਹੈ।

ਕਰਤਾਰ ਸਿੰਘ ਨੀਲਧਾਰੀ, ਚੰਡੀਗੜ੍ਹ

ਮਈ ਅੰਕ ਵਿਚ ਡਾ. ਜਾਗੀਰ ਸਿੰਘ ਜੀ ਦਾ ਕਰਉ ਬੇਨੰਤੀਆ-ਪੜ੍ਹੋ ਤੇ ਅਮੀਰ ਬਣੋ ਬੜਾ ਸਿੱਖਿਆਦਾਇਕ ਹੈ। ਸਾਨੂੰ ਚੰਗੀਆਂ ਪੁਸਤਕਾਂ ਪੜ੍ਹ ਕੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨੀ ਚਾਹੀਦੀ ਹੈ।

ਮੰਗਤ ਸਿੰਘ ਮਸਤਾਨਾ , ਮੋਬਾਇਲ : 9779447365

ਮਈ ਅੰਕ ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਆਰੰਭ ਕੀਤੇ ਗੁਰਮਤਿ ਗਿਆਨ ਆਨਲਾਈਨ ਟੀਚਿੰਗ ਪ੍ਰੋਗਰਾਮ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਸ ਰਾਹੀਂ ਦੂਰ ਨੇੜੇ ਬੈਠੇ ਲੋਕ ਲਾਭ ਉਠਾ ਸਕਦੇ ਹਨ।

ਐੱਮ. ਐੱਸ. ਸਚਦੇਵਾ, ਮੋਬਾਇਲ : 93576 99036

ਮਨਮੋਹਨ ਸਿੰਘ ਦਾਊਂ ਜੀ ਦੀ ਕਵਿਤਾ, ਪ੍ਰੋ: ਕਰਤਾਰ ਸਿੰਘ ਬਡੂੰਗਰ ਅਤੇ ਕਰਮ ਸਿੰਘ ਰਤਨ ਜੀ ਦੇ ਲੇਖ ਚੰਗੇ ਲੱਗੇ।

ਸੰਤ ਮੁਕੰਦ ਸਿੰਘ, ਮਲੋਟ


## ਬੇਸਹਾਰਾ ਬੱਚਿਆਂ ਲਈ ਮੁਫਤ ਰਿਹਾਇਸ਼ ਤੇ ਪੜ੍ਹਾਈ ਲਈ ਦਾਖਲੇ

ਪੜ੍ਹਾਈ ਵਿਚ ਧਿਆਨ ਦੇਣ ਵਾਲੇ 5 ਤੋਂ 12 ਸਾਲ ਦੇ ਬੇਸਹਾਰਾ ਬਾਲਕਾਂ ਦੇ ਪਾਲਣ ਪੋਸ਼ਣ ਲਈ, ਚੰਡੀਗੜ੍ਹ ਨੇੜੇ ਮਾਤਾ ਗੁਜਰੀ ਸੁੱਖ ਨਿਵਾਸ, ਪਿੰਡ ਖਾਨਪੁਰ ਖਰੜ, ਜ਼ਿਲ੍ਹਾ ਮੋਹਾਲੀ, ਵੱਲੋ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਅਨਾਥ, ਜ਼ਰੂਰਤਮੰਦ, ਵਿਧਵਾਵਾਂ ਅਤੇ ਅਪਾਹਿਜ ਪਿਤਾ ਜਾਂ ਬਹੁਤ ਗਰੀਬ ਪਰਿਵਾਰ ਦੇ ਬੱਚਿਆਂ ਨੂੰ ਲੜੀਵਾਰ ਤਰਜੀਹ ਦਿੱਤੀ ਜਾਵੇਗੀ। ਕੁਦਰਤੀ ਦੁਰਘਟਨਾਵਾਂ ਕਾਰਨ ਬੇਸਹਾਰਾ ਹੋਏ ਬੱਚਿਆਂ ਨੂੰ ਕਿਸੇ ਵੇਲੇ ਵੀ ਸੰਸਥਾ ਵਿਚ ਦਾਖਲ ਕੀਤਾ ਜਾ ਸਕਦਾ ਹੈ।

29 ਵਰ੍ਹਿਆਂ ਤੋਂ ਮਾਨਵਤਾ ਦੀ ਸੇਵਾ ਵਿਚ ਸਰਪ੍ਰਸਤ, ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:) ਨਵੀਂ ਦਿੱਲੀ ਦੁਆਰਾ ਤਕਰੀਬਨ 17 ਸਾਲਾਂ ਤੋਂ ਇਹ ਪ੍ਰਜਾਕੈਟ ਚਲਾਇਆ ਜਾ ਸਕਦਾ ਹੈ।

ਦਾਖਲਾ ਫਾਰਮ ਮਾਤਾ ਗੁਜਰੀ, ਸੁੱਖ ਨਿਵਾਸ, ਪਿੰਡ ਖਾਨਪਰ ਖਰੜ ਜ਼ਿਲ੍ਹਾ ਮੋਹਾਲੀ ਤੋਂ ਡਾਕ ਰਾਹੀਂ ਮੰਗਾਏ ਜਾ ਸਕਦੇ ਹਨ। ਈਮੇਲ ਰਾਹੀਂ nishkam84@gmail.com ਦੇ ਆਈਡੀ ਪਤੇ ਤੋਂ ਵੀ ਮੰਗਵਾਏ ਜਾ ਸਕਦੇ ਹਨ।

# ਬੁਰੇ ਦਾ ਭਲਾ ਕਰ

ਪਿਛੇ ਜਿਹੇ ਜੀਵਨ ਜਾਚ ਬਾਰੇ ਅੰਗਰੇਜ਼ੀ ਦੀ ਇੱਕ ਕਵਿਤਾ ਪੜ੍ਹ ਰਿਹਾ ਸਾਂ। ਉਸ ਕਵਿਤਾ ਦੇ ਭਾਵ ਨੂੰ ਸਮਝਦਿਆਂ ਮੈਨੂੰ ਗੁਰਬਾਣੀ ਦੀਆਂ ਕੁਝ ਤੁਕਾਂ ਯਾਦ ਆਈਆਂ। ਗੁਰਬਾਣੀਕਾਰਾਂ ਦੇ ਮਹਾਨ ਵਾਕਾਂ ਅਨੁਸਾਰ ਜੀਵਨ ਜੀਉਣ ਲੱਗ ਪਈਏ ਤਾਂ ਇਹ ਧਰਤੀ ਹੀ ਸਵਰਗ ਬਣ ਸਕਦੀ ਹੈ। ਬਾਬਾ ਫਰੀਦ ਜੀ ਦੇ ਹੇਠ ਲਿਖੇ ਫੁਰਮਾਨ ਕਿਤਨੇ ਮਹਾਨ ਹਨ–

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥**
**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥**

ਇਸ ਸੰਧਰਭ ਵਿੱਚ ਅੰਗਰਜ਼ੀ ਦੀ ਇਹ ਕਵਿਤਾ ਵੀ ਵਾਚਣਯੋਗ ਹੈ–

The Paradoxical Commandments
by Dr. Kent M. Keith

People are illogical, unreasonable, and self-centered.
Love them anyway.

If you do good, people will accuse you of selfish ulterior motives.
Do good anyway.

If you are successful, you will win false friends and true enemies.
Succeed anyway.

The good you do today will be forgotten tomorrow.
Do good anyway.

Honesty and frankness make you vulnerable.
Be honest and frank anyway.

The biggest men and women with the biggest ideas can be shot down by the smallest men and women with the smallest minds.
Think big anyway.

People favor underdogs but follow only top dogs.
Fight for a few underdogs anyway.

What you spend years building may be destroyed overnight.
Build anyway.

People really need help but may attack you if you do help them.
Help people anyway.

Give the world the best you have and you'll get kicked in the teeth.
Give the world the best you have anyway.

# ਗੁਰੂ ਅਰਜਨ ਦੇਵ ਜੀ: ਮਹਾਨ ਸੰਪਾਦਕ

ਪ੍ਰੋ.ਰਵਿੰਦਰ ਕੌਰ

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਨਿਮਰਤਾ ਦੇ ਪ੍ਰਤੀਕ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਪਿਤਾ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ ਹੋਇਆ। ਗੁਰੂ ਜੀ ਦੀ ਜਨਮ ਮਿਤੀ ਨਾਲ ਸੰਬੰਧਿਤ ਵਿਦਵਾਨਾਂ ਵਿੱਚ ਮੱਤਭੇਦ ਹਨ ਪਰ ਜੋ ਤਾਰੀਖ਼ ਪਰਵਾਨ ਕਰ ਲਈ ਗਈ ਹੈ ਉਹ 19 ਵੈਸਾਖ, ਸੰਮਤ 1620 ਬਿਕਰਮੀ ਭਾਵ 15 ਅਪ੍ਰੈਲ 1563 ਈ: ਹੈ।

ਗੁਰੂ ਜੀ ਬਹੁਤ ਵੱਡੇ ਵਿਦਵਾਨ, ਕਈ ਭਾਸ਼ਾਵਾਂ ਦੇ ਗਿਆਤਾ, ਅਧਿਆਤਮਕ ਉੱਚ ਅਵਸਥਾ ਦੇ ਧਾਰਨੀ, ਗੁਰੂ ਪ੍ਰਤੀ ਤੜਪ ਰੱਖਣ ਵਾਲੇ ਅਤੇ ਹਰ ਵਕਤ ਨਿਰਮਾਣਤਾ ਵਿੱਚ ਰਹਿਣ ਵਾਲੇ ਸਨ। ਆਪ ਜੀ ਨੇ ਮਨੁੱਖਤਾ ਨੂੰ ਸੁੱਖ ਦੇਣ ਲਈ ਜਿੱਥੇ ਸਮਾਜਿਕ ਖੇਤਰ ਵਿੱਚ ਬਹੁਤ ਸਾਰੇ ਕਾਰਜ ਆਰੰਭੇ ਉਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਕੇ ਮਨੁੱਖ ਜਾਤੀ ਨੂੰ ਆਤਮਿਕ ਸ਼ਾਂਤੀ ਤੇ ਅਮਰ ਸੰਦੇਸ਼ ਦੇਣ ਵਾਲਾ ਅਣਮੁੱਲਾ ਤੋਹਫ਼ਾ ਦਿੱਤਾ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਵਿਉਂਤ ਦੱਸਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੀ ਲੋੜ ਕਿਉਂ ਪਈ? ਅਤੇ ਗੁਰੂ ਜੀ ਨੇ ਆਪਣੇ ਤੋਂ ਪਹਿਲੇ ਗੁਰੂਆਂ, ਸੰਤਾਂ, ਭਗਤਾਂ ਦੀ ਬਾਣੀ ਕਿਹੜੇ ਸ੍ਰੋਤਾਂ ਤੋਂ ਇਕੱਤਰ ਕੀਤੀ? ਇਹਨਾਂ ਸਵਾਲਾਂ ਦੇ ਜੁਆਬ ਵੀ ਸਿੱਖ ਇਤਿਹਾਸ ਅਤੇ ਗੁਰਬਾਣੀ ਵਿੱਚ ਹੀ ਪਏ ਹਨ। ਗੁਰੂ ਅਮਰਦਾਸ ਜੀ ਆਪਣੀ ਮਹਾਨ ਰਚਨਾ 'ਅਨੰਦ' ਸਾਹਿਬ ਵਿੱਚ ਫੁਰਮਾਉਂਦੇ ਹਨ।

'ਸਤਿਗੁਰ ਬਿਨਾਂ ਹੋਰ ਕਚੀ ਹੈ ਬਾਣੀ'

ਭਾਵ ਕਿ ਆਰੰਭ ਤੋਂ ਹੀ ਕੱਚੀ ਬਾਣੀ ਵੀ ਰਚੀ ਜਾ ਰਹੀ ਸੀ। ਗੁਰੂ ਘਰ ਦੇ ਵਿਰੋਧੀ ਤੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ 'ਨਾਨਕ' ਨਾਮ ਅਧੀਨ ਬਾਣੀ ਰਚਣੀ ਸ਼ੁਰੂ ਕਰ ਦਿੱਤੀ ਸੀ। ਇਸ ਲਈ ਕਿ ਗੁਰੂਆਂ, ਸੰਤਾਂ ਭਗਤਾਂ ਦੀ ਬਾਣੀ ਵਿੱਚ ਰਲਾਅ ਨਾ ਪੈ ਜਾਵੇ, ਗੁਰੂ ਅਰਜਨ ਦੇਵ ਜੀ ਨੇ ਗੁਰੂਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਦੂਜਾ ਕਿਸੇ ਕੌਮ ਦੇ ਪੈਰੋਕਾਰਾਂ ਵਿਚਕਾਰ ਖਿਆਲਾਂ ਦੀ ਸਾਂਝ ਬਰਕਰਾਰ ਰੱਖਣ ਲਈ ਅਤੇ ਫਿਰ ਉਸ ਸਾਂਝ ਨੂੰ ਸਦੀਵੀਂ ਬਣਾਈ ਰੱਖਣ ਲਈ ਲਿਖਤੀ ਧਰਮ ਗ੍ਰੰਥ ਦੀ ਲੋੜ ਸੀ। ਡਾ.ਜੋਗਿੰਦਰ ਸਿੰਘ ਅਨੁਸਾਰ ''ਆਦਿ ਗ੍ਰੰਥ ਮੱਧਕਾਲ ਦੀ ਸਭ ਤੋਂ ਮਹਾਨ ਅਧਿਆਤਮਕ ਰਚਨਾ ਹੈ। ਜਿਸਦੀ ਸੰਪਾਦਨਾ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਅਣਥੱਕ ਮਿਹਨਤ, ਲਗਨ ਅਤੇ ਕਠਿਨ ਸਾਧਨਾ ਦਾ ਸਿੱਟਾ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਇਸ ਕੰਮ ਨੂੰ 1601 ਈ: ਵਿੱਚ ਆਰੰਭ ਕਰਕੇ 1604 ਈ: ਵਿੱਚ ਸੰਪੂਰਨ ਕੀਤਾ। ਬਾਣੀ ਸੰਕਲਿਤ ਕਰਨ ਦੇ ਦੋ ਮੁੱਖ ਪ੍ਰਯੋਜਨ ਸਨ:- ਪਹਿਲਾ ਗੁਰੂਆਂ, ਭਗਤਾਂ ਆਦਿ ਦੀਆਂ ਰਚਨਾਵਾਂ ਨੂੰ ਇੱਕ ਥਾਂ ਇਕੱਤਰ ਕਰਕੇ ਸੰਭਾਲਣਾ ਸੀ, ਕਿਉਂਕਿ ਮਿਹਰਬਾਨ ਨੇ ਕਈ ਪਦ ਆਪਣੇ ਬਣਾ ਕੇ 'ਨਾਨਕ' ਨਾਮ ਨਾਲ ਲਿਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਗੁਰਬਾਣੀ ਵਿੱਚ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ ਸੀ। ਦੂਜਾ ਭਾਰਤੀ ਸੰਸਕ੍ਰਿਤੀ, ਸਾਹਿਤ, ਕਲਾ ਅਤੇ ਅਧਿਆਤਮਕਤਾ ਨੂੰ ਚਿਰ ਸਥਾਈ ਰੱਖਦਿਆਂ ਹੋਇਆ ਵੱਧ ਤੋਂ ਵੱਧ ਜਨ ਸਧਾਰਣ ਤੱਕ ਪਹੁੰਚਾਉਣਾ ਸੀ।'' (ਡਾ. ਜੋਗਿੰਦਰ ਸਿੰਘ, ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1986, ਪੰਨਾ-17)

ਹੁਣ ਅਗਲੇ ਪ੍ਰਸ਼ਨ ਦੇ ਜੁਆਬ ਵੱਲ ਆਉਂਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਕਿਹੜੇ ਸ੍ਰੋਤਾਂ ਤੋਂ ਬਾਣੀ ਇਕੱਤਰ ਕੀਤੀ? ਪਹਿਲਾ ਸ੍ਰੋਤ ਤਾਂ ਖ਼ੁਦ ਉਹ ਗੁਰੂ, ਸੰਤ ਭਗਤ ਸਨ, ਜਿਹੜੇ ਕਿ ਬਾਣੀ ਦੀ ਰਚਨਾ ਕਰਦੇ ਸਨ ਤੇ ਉਹਨਾਂ ਦੇ ਉਹ ਸਹਿਚਰ ਜਾਂ ਚੇਲੇ ਵੀ ਜੋ ਉਹਨਾਂ ਦੀ ਬਾਣੀ ਲਿਖਦੇ ਸਨ। ਇਹਨਾਂ ਦੇ ਪਰਮਾਣ ਸਾਨੂੰ 'ਪੁਰਾਤਨ ਜਨਮ ਸਾਖੀ ਜਾਂ ਪ੍ਰੋ.ਸਾਹਿਬ ਸਿੰਘ ਆਦਿ ਵਿਦਵਾਨਾਂ ਦੀਆਂ ਲਿਖਤਾਂ ਤੋਂ ਮਿਲ ਜਾਂਦੇ ਹਨ। ਜਿਵੇਂ ਗੁਰੂਨਾਨਕ ਬਾਣੀ ਦਾ ਪੋਥੀ ਦੇ ਰੂਪ ਵਿੱਚ ਗੁਰੂ ਅੰਗਦ ਦੇਵ ਜੀ ਤੱਕ ਪੁੱਜਣਾ ਤੇ ਇਸ ਤਰ੍ਹਾਂ ਹੀ ਅੱਗੇ ਹੋਰ ਗੁਰੂ ਸਾਹਿਬਾਨਾਂ ਦੀ ਬਾਣੀ ਵੀ ਸੰਕਲਤ ਹੁੰਦੀ ਗਈ।

ਬਾਣੀ ਇਕੱਤਰ ਕਰਨ ਦਾ ਦੂਜਾ ਸ੍ਰੋਤ ਗੁਰੂ ਅਮਰਦਾਸ ਜੀ ਦਾ ਪੋਤਾ ਸਹੰਸਰਾਮ ਹੈ। ਸਹੰਸਰਾਮ ਨੇ ਇਹ ਬਾਣੀ ਦੋ ਸੰਚੀਆਂ ਵਿੱਚ ਇਕੱਤਰ ਕੀਤੀ। ਇਹਨਾਂ ਨੂੰ ਗੋਇੰਦਵਾਲ ਵਾਲੀਆਂ ਸੰਚੀਆਂ ਵੀ ਆਖਿਆ ਜਾਂਦਾ ਹੈ। ਇਹ ਬਾਣੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਜਾ ਕੇ ਬਾਬਾ ਮੋਹਨ ਜੀ ਪਾਸੋਂ ਪ੍ਰਾਪਤ ਕੀਤੀ। ਇਥੇ ਹੀ ਉਹਨਾਂ ਸੰਬੋਧਨੀ ਸ਼ਬਦ ਉਚਾਰਿਆ:

'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' (ਆਦਿ ਗ੍ਰੰਥ, ਪੰਨਾ 248)

''ਤੀਸਰਾ ਸ੍ਰੋਤ ਉਹ ਵਿਅਕਤੀ ਵਿਸ਼ੇਸ਼ ਜਾਂ ਸੰਦੇਸ਼ ਸਨ, ਜਿਹਨਾਂ ਰਾਹੀਂ ਉਹਨਾਂ ਵੱਖ ਵੱਖ ਸਥਾਨਾਂ ਤੋਂ ਪ੍ਰਮਾਣਿਤ ਬਾਣੀ ਮੰਗਵਾਈ ਜਿਵੇ 'ਪ੍ਰਾਣਸੰਗਲੀ' ਨੂੰ ਸਿੰਗਲਾਦੀਪ ਤੋਂ ਮੰਗਵਾਇਆ ਗਿਆ। ਹੋਰ ਭਗਤ ਬਾਣੀ ਜਾਂ ਫਰੀਦ ਬਾਣੀ ਨੂੰ ਉਹਨਾਂ ਦੇ ਸਾਧਕਾਂ ਕੋਲੋਂ ਪ੍ਰਾਪਤ ਕੀਤਾ।'' (ਮਨਜੀਤ ਕੌਰ, ਗੁਰਮਤਿ ਕਾਵਿ ਦੇ ਪ੍ਰਸੰਗ, ਸੁੰਦਰ ਬੁੱਕ ਡਿੱਪੋ, ਜਲੰਧਰ, ਪਹਿਲੀ ਵਾਰ 2006, ਪੰਨਾ-23)

ਬਾਣੀ ਦੀ ਇਕੱਤਰਤਾ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਗੁਰੂਗ੍ਰੰਥ ਸਾਹਿਬ ਦੇ ਸੰਪਾਦਨ ਦੀ ਵਿਉਂਤ ਬਣਾਈ। ਉਹਨਾਂ ਇਕ ਸੁਲਝੇ ਹੋਏ ਸੰਪਾਦਕ ਦੀ ਤਰ੍ਹਾਂ 'ਧੁਰ ਕੀ ਬਾਣੀ', 'ਖਸਮ ਕੀ ਬਾਣੀ' ਨੂੰ ਇਕ ਤਰਤੀਬ ਵਿੱਚ ਪਰੋਇਆ। ਇਥੇ ਉਹਨਾਂ ਲਈ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਬਾਣੀ ਕਿਸੇ ਵਿਸ਼ੇਸ਼ ਇਲਾਕੇ, ਵਿਸ਼ੇਸ਼ ਵਿਅਕਤੀ ਜਾਂ ਵਿਸ਼ੇਸ਼ ਵਰਣ ਨਾਲ ਸਬੰਧਿਤ ਨਹੀਂ ਸੀ ਸਗੋਂ ਵੱਖ-ਵੱਖ ਪ੍ਰਾਂਤਾਂ, ਵੱਖ-ਵੱਖ ਵਰਣਾਂ ਦੇ ਸੰਤਾਂ, ਭਗਤਾਂ ਦੀ ਬਾਣੀ ਸੀ। ਭਾਸ਼ਾਵਾਂ ਦੀ ਵਰਤੋਂ ਅਤੇ ਕਾਵਿ-ਰੂਪਾਂ ਦੇ ਪੱਖੋਂ ਵੀ ਬਹੁਤ ਵਿਭਿੰਨਤਾ ਸੀ। ਆਪ ਜੀ ਨੇ ਆਪਣੀ ਸੁਲਝੀ ਹੋਈ ਸੰਪਾਦਕੀ ਸੂਝ ਨਾਲ ਕੇਵਲ ਉਹਨਾਂ ਸੰਤਾਂ ਭਗਤਾਂ ਦੀ ਬਾਣੀ ਹੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਕੀਤੀ, ਜਿਹਨਾਂ ਦੀ ਵਿਚਾਰਧਾਰਾ ਨਿਰਗੁਣ ਭਗਤੀ ਧਾਰਾ ਅਤੇ ਗੁਰੂ ਸਾਹਿਬਾਨ ਨਾਲ ਮੇਲ ਖਾਂਦੀ ਸੀ। ਇਸ ਮਹਾਨ ਧਾਰਮਿਕ ਗ੍ਰੰਥ ਦੀ ਸੰਪਾਦਨਾ ਸਮੇਂ ਗੁਰੂ ਜੀ ਨੇ ਬਾਣੀ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿੱਚ ਵੰਡਿਆ। ਡਾ.ਮਹਿੰਦਰ ਕੌਰ ਗਿੱਲ ਅਨੁਸਾਰ ''ਸ਼੍ਰੀ ਆਦਿ ਗ੍ਰੰਥ ਦੀ ਸਮੁੱਚੀ ਰਚਨਾ 31 ਰਾਗਾਂ ਵਿੱਚ ਰਚੀ ਗਈ ਹੈ। ਰਾਗ-ਬੱਧ ਬਾਣੀ ਦੇ ਆਰੰਭ ਵਿੱਚ ਨਿਤਨੇਮ ਦੀਆਂ ਬਾਣੀਆਂ ਰੱਖੀਆਂ ਗਈਆਂ ਹਨ ਤੇ ਅੰਤ ਵਿੱਚ ਰਾਗ-ਬੰਦਿਸ਼ ਤੋਂ ਰਹਿਤ ਬਾਣੀ ਹੈ। ਇਸ ਤਰ੍ਹਾਂ ਕੁਲ 33 ਭਾਗ ਬਣਦੇ ਹਨ ਪਰ ਮੋਟੇ ਤੌਰ ਤੇ ਇਸਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

(ੳ) ਨਿੱਤਨੇਮ ਦੀਆਂ ਬਾਣੀਆਂ (ਆਦਿ ਗ੍ਰੰਥ, 1-13 ਪੰਨੇ ਤੱਕ)
(ਅ) ਰਾਗ-ਬੱਧ ਬਾਣੀ (ਆਦਿ ਗ੍ਰੰਥ 14-1352 ਪੰਨੇ ਤੱਕ)
(ੲ) ਰਾਗ-ਮੁਕਤ ਬਾਣੀ (ਆਦਿ ਗ੍ਰੰਥ 1353-1430 ਪੰਨੇ ਤੱਕ)

(ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-47)

ਸੋ ਪਹਿਲਾ ਭਾਗ-ਤਿੰਨ ਬਾਣੀਆਂ-ਜਪੁਜੀ ਸਾਹਿਬ, ਰਹਿਰਾਸ ਤੇ ਸੋਹਿਲਾ।

ਦੂਜਾ ਭਾਗ-ਰਾਗ ਬੱਧ ਬਾਣੀ- ਇਸ ਭਾਗ ਵਿੱਚ ਸੰਤਾਂ ਭਗਤਾਂ ਦੀ ਬਾਣੀ ਨੂੰ ਜਿਹਨਾਂ 31 ਰਾਗਾਂ ਅਧੀਨ ਦਰਜ ਕੀਤਾ ਗਿਆ ਹੈ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵ-ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟਨਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ।

ਗੁਰੂ ਸਾਹਿਬ ਨੇ ਰਾਗ ਬੱਧ ਬਾਣੀ ਨੂੰ ਵੀ ਇਕ ਖ਼ਾਸ ਕ੍ਰਮ ਵਿੱਚ ਦਰਜ ਕੀਤਾ ਹੈ। ਜਿਵੇਂ ਸ਼ਬਦ ਅਸ਼ਟਪਦੀਆਂ, ਛੰਤ, ਵਾਰਾਂ ਅਤੇ ਭਗਤਾਂ ਦੇ ਸ਼ਬਦ। ਗੁਰੂਆਂ ਵਿੱਚੋਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਅਖ਼ੀਰ ਵਿੱਚ ਗੁਰੂ ਅਰਜਨ ਦੇਵ ਜੀ। ਗੁਰੂ ਅੰਗਦ ਦੇਵ ਜੀ ਨੇ ਸਿਰਫ ਸਲੋਕ ਕਾਵਿ-ਰੂਪ ਵਿੱਚ ਰਚਨਾ ਕੀਤੀ। ਇਸ ਲਈ ਗੁਰੂ ਜੀ ਨੇ ਆਪਣੇ ਸੰਪਾਦਕੀ ਅਧਿਕਾਰ ਵਰਤ ਕੇ ਜਿੱਥੇ ਠੀਕ ਸਮਝਿਆ, ਉਥੇ ਅੰਕਿਤ ਕਰ ਦਿੱਤੇ। ਸਾਰੇ ਗੁਰੂ ਸਾਹਿਬਾਨ ਨੇ ਹੀ ਬਾਣੀ 'ਨਾਨਕ' ਪਦ ਅਧੀਨ ਰਚੀ ਹੈ। ਇਸ ਲਈ ਇਹ ਅੰਗ-ਨਿਖੇੜਾ ਕਰਨ ਲਈ ਕਿ ਕਿਹੜੀ ਬਾਣੀ ਕਿਹੜੇ ਗੁਰੂ ਦੀ ਹੈ, ਬਾਣੀ ਉਪਰ 'ਮਹਲਾ' ਲਿਖ ਕੇ ਕ੍ਰਮ ਅਨੁਸਾਰ ਅੰਕ ਪਾ ਦਿੱਤਾ ਗਿਆ ਹੈ। ਭਗਤਾਂ ਦੀ ਬਾਣੀ ਉਪਰ ਭਗਤਾਂ ਦੇ ਨਾਂ ਲਿਖ ਦਿੱਤੇ ਗਏ ਹਨ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ, ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| ਗੁਰੂ ਨਾਨਕ ਦੇਵ ਜੀ | - | ਰਾਗ ਮਾਝ, ਆਸਾ ਤੇ ਮਲਾਰ। |
| ਗੁਰੂ ਅਮਰਦਾਸ ਜੀ | - | ਰਾਗ ਗੂਜਰੀ, ਸੂਹੀ, ਰਾਮਕਲੀ ਤੇ ਮਾਰੂ। |
| ਗੁਰੂ ਰਾਮਦਾਸ ਜੀ | - | ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਅਤੇ ਕਾਨੜਾ। |
| ਗੁਰੂ ਅਰਜਨ ਦੇਵ ਜੀ | - | ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ |
| ਸੱਤਾ ਬਲਵੰਡ | - | ਰਾਗ ਰਾਮਕਲੀ |

ਵਾਰਾਂ ਤੋਂ ਬਾਅਦ ਭਗਤ ਬਾਣੀ ਦਰਜ ਕੀਤੀ ਗਈ ਜੋ ਕਿ 22 ਰਾਗਾਂ ਵਿੱਚ ਹੈ। ਭਗਤ ਕਵੀਆਂ ਦਾ ਕ੍ਰਮ ਹੇਠ ਲਿਖੇ ਅਨੁਸਾਰ ਹੈ।

ਕਬੀਰ, ਨਾਮਦੇਵ, ਰਵਿਦਾਸ, ਰਾਮਾਨੰਦ, ਜੈਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਪਰਮਾਨੰਦ, ਸੂਰਦਾਸ, ਬੇਣੀ, ਫਰੀਦ।

ਇਹਨਾਂ ਤੋਂ ਛੁੱਟ ਭਾਈ ਮਰਦਾਨੇ ਦੇ ਤਿੰਨ ਸਲੋਕ ਬਿਹਾਗੜਾ ਰਾਗ ਵਿੱਚ ਤੇ ਬਾਬਾ ਸੁੰਦਰ ਦਾਸ ਜੀ ਦੀ 'ਸਦੁ' ਰਾਮਕਲੀ ਰਾਗ ਵਿੱਚ ਦਰਜ ਹੈ। ਤੀਸਰੇ ਭਾਗ ਵਿੱਚ ਰਾਗ-ਮੁਕਤ ਬਾਣੀਆਂ ਆਉਂਦੀਆਂ ਹਨ।

| | | | |
|---|---|---|---|
| 1. | ਸਲੋਕ ਸਹਸਕ੍ਰਿਤੀ ਮਹਲਾ 1 | 2. | ਸਲੋਕ ਸਹਸਕ੍ਰਿਤੀ ਮਹਲਾ 5 |
| 3. | ਗਾਥਾ ਮਹਲਾ 5 | 4. | ਫੁਨਹੇ ਮਹਲਾ 5 |
| 5. | ਚਉਬੋਲੇ ਮਹਲਾ 5 | 6. | ਸਲੋਕ ਭਗਤ ਕਬੀਰ |
| 7. | ਸਲੋਕ ਸ਼ੇਖ ਫਰੀਦ | 8. | ਸਵਯੇ ਸ੍ਰੀ ਮੁੱਖ ਵਾਕਯ |
| 9. | ਸਲੋਕ ਵਾਰਾਂ ਤੇ ਵਧੀਕ | 10. | ਸਲੋਕ ਮਹਲਾ 9 |
| 11. | ਮੁੰਦਾਵਣੀ ਮਹਲਾ 5 | 12. | ਰਾਗ ਮਾਲਾ |

ਗੁਰੂ ਅਰਜਨ ਦੇਵ ਜੀ ਬਹੁਤ ਹੀ ਦੂਰ ਦ੍ਰਿਸ਼ਟੀ ਦੇ ਧਾਰਨੀ ਸੰਪਾਦਕ ਸਨ। ਬਾਣੀ ਵਿੱਚ ਕਿਤੇ ਰਲਾਅ ਨਾ ਹੋ ਜਾਵੇ ਇਸ ਲਈ ਉਹਨਾਂ ਹਰ ਸ਼ਬਦ ਸਲੋਕ ਦੇ ਅੰਤ ਵਿੱਚ ਸੰਖਿਆ ਅੰਕ ਵੀ ਦਿੱਤੇ ਹਨ। ਡਾ.ਮਹਿੰਦਰ ਕੌਰ ਗਿੱਲ ਅਨੁਸਾਰ ''ਸ੍ਰੀ ਆਦਿ ਗ੍ਰੰਥ ਵਿੱਚ ਰਲਾ ਨਾ ਪੈਣ ਦਾ ਸਭ ਤੋਂ ਵੱਡਾ ਕਾਰਣ ਇਸਦੀ ਅੰਕ ਗਿਣਤੀ ਦਾ ਢੰਗ ਹੈ ਜੋ ਪੰਚਮ ਪਾਤਸ਼ਾਹ ਨੇ ਅੰਕਾਂ ਰਾਹੀ ਥਾਂ ਪੁਰ ਥਾਂ ਨਾਲੋਂ ਨਾਲ ਦਿੱਤੀ ਹੈ।'' (ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ-61)

ਗੁਰੂ ਅਰਜਨ ਦੇਵ ਜੀ ਨੇ ਇਹ ਲਾਸਾਨੀ ਕਾਰਜ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਨੇਪਰੇ ਚਾੜਿਆ। ਬਾਅਦ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਰਚਨਾ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਦੁਬਾਰਾ ਲਿਖਵਾ ਕੇ ਸ਼ਾਮਲ ਕਰਵਾਈ ਜਿਸਨੂੰ ਕਿ 'ਦਮਦਮੀ ਬੀੜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਭਟਕੀ ਹੋਈ ਲੋਕਾਈ ਨੂੰ ਅਜਿਹਾ ਨਾਮ ਰੂਪੀ ਅੰਮ੍ਰਿਤ ਦਾ ਖ਼ਜਾਨਾ ਦੇ ਗਏ, ਜਿਸ ਵਿੱਚੋਂ ਸ਼ਾਂਤੀ ਤੇ ਅਧਿਆਤਮਕ ਜੀਵਨ ਦੀ ਪ੍ਰਾਪਤੀ ਕਰਕੇ ਮਨੁੱਖ ਹਮੇਸ਼ਾਂ ਵਾਸਤੇ ਸੁਖੀ ਹੋ ਸਕਦਾ ਹੈ।

ਸਹਾਇਕ ਪੁਸਤਕ ਸੂਚੀ

1. ਡਾ.ਅੰਮ੍ਰਿਤਪਾਲ ਲਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ (ਸੰਪਾ.), ਸੰਗਮ ਪਬਲੀਕੇਸ਼ਨਜ, ਸਮਾਣਾ, 2005
2. ਡਾ.ਗੁਰਮੁਖ ਸਿੰਘ, ਸੁਖਮਨੀ ਸਾਹਿਬ ਪ੍ਰਵਚਨ ਤੇ ਪਾਠ-ਵਿਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2005
3. ਡਾ. ਗੁਰਬਚਨ ਕੌਰ, ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985
4. ਗਿੱਲ, ਮਹਿੰਦਰ ਕੌਰ, ਗੁਰੂ,ਅਰਜਨ ਦੇਵ ਜੀਵਨ ਤੇ ਬਾਣੀ, ਪਬਲੀਕੇਸ਼ਨ, ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2009
5. ਮਨਜੀਤ ਕੌਰ, ਗੁਰਮਤਿ ਕਾਵਿ ਦੇ ਪ੍ਰਸੰਗ, ਸੁੰਦਰ ਬੁੱਕ ਡਿੱਪੋ, ਜਲੰਧਰ 2006

*ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਜ ਫਾਰ ਵਿਮਨ, ਅੰਮ੍ਰਿਤਸਰ।

# ਰਾਗ ਅਤੇ ਰਸ

ਡਾ. ਅਮਿਤਾ ਪਾਂਡੇ

**ਰਸ :** ਰਸ ਸ਼ਬਦ ਦਾ ਉਲੇਖ ਭਾਰਤੀ ਧਾਰਮਿਕ ਗ੍ਰੰਥਾਂ ਅਤੇ ਮਹਾਂਕਾਵਿ ਵਿੱਚੋਂ ਮਿਲਦਾ ਹੈ। ਰਸ ਦਾ ਸਾਧਾਰਣ ਅਰਥ ਜਲ, ਦ੍ਰਵ ਨਿਚੋੜ ਜਾਂ ਸੁਆਦ ਆਦਿ ਤੋਂ ਲਿਆ ਜਾਂਦਾ ਹੈ। ਦੂਸਰੇ ਅਰਥ ਵਿੱਚ ਰਸ ਤੋਂ ਭਾਵ ਅਨੰਦ ਪ੍ਰਾਪਤੀ ਤੋਂ ਹੈ।

ਇਹ ਅਨੰਦ ਸਾਧਾਰਣ ਆਨੰਦ ਨਹੀਂ ਮਾਨਸਿਕ ਆਨੰਦ ਤੋ ਹੈ ਜਿਹੜਾ ਮਨੁੱਖੀ ਭਾਵਾਂ ਨੂੰ ਜਗਾ ਕੇ ਮਾਣਿਆ ਜਾ ਸਕਦਾ ਹੈ। ਆਨੰਦ ਦੀ ਪ੍ਰਾਪਤੀ ਮਨੁੱਖ ਦੇ ਜੀਵਨ ਦਾ ਮੁੱਖ ਉਦੇਸ਼ ਹੈ। 'ਰਸ ਆਨੰਦ ਦਾ ਪਰਾਏਵਾਚੀ ਹੈ ਔਰ ਇਸੀ ਲਿਏ ਕਲਾ ਕਾ ਪ੍ਰਾਣ ਹੈ" [1]

ਕਲਾ ਦੀ ਸਾਧਨਾ ਨਾਲ ਰਸ ਪ੍ਰਾਪਤ ਕਰਨਾ ਬ੍ਰਹਮਾਨੰਦ ਨੂੰ ਪ੍ਰਾਪਤ ਕਰਨਾ ਹੈ। ਵੇਦ ਅਤੇ ਉਪਨਿਸ਼ਦਾਂ ਵਿੱਚ ਰਸ ਸ਼ਬਦ ਦਾ ਪ੍ਰਯੋਗ ਬ੍ਰਹਮਾਨੰਦ ਦੇ ਅਰਥਾਂ ਵਿੱਚ ਬਾਰ ਬਾਰ ਆਇਆ ਹੈ। ਇਸ ਲਈ ਰਸ ਨੂੰ ਬ੍ਰਹਮਾਨੰਦ ਸਹੋਦਰ ਵੀ ਕਿਹਾ ਜਾਂਦਾ ਹੈ। "ਰਸ ਵਹਿ ਹੈ ਜਿਸਕੇ ਕਾਰਣ ਮਾਨਵ ਹਿਰਦੇ ਦ੍ਰਵੀਭੂਤ ਹੋ ਜਾਤਾ ਹੈ ਔਰ ਏਕ ਪ੍ਰਕਾਰ ਪਿਘਲ ਕਰ ਰਿਸਨੇ ਸਾ ਲਗਤਾ ਹੈ।" [2]

"ਰਸ ਨਾ ਪ੍ਰਤਕਸ਼ ਹੈ ਨਾ ਪ੍ਰਕੋਸ਼, ਨਾ ਕਾਰਿਆ ਹੈ ਨਾ ਗਿਆਪਿਆ। ਸਭੀ ਤਰ੍ਹਾਂ ਕੀ ਲੌਕਿਕ ਪਰਿਭਾਸ਼ਾਓਂ ਸੇ ਮੁਕਤ ਹੋਨੇ ਕਾ ਕਾਰਣ ਅਨਿਰਵਚਨੀਯ ਹੈ, ਅਲੌਕਿਕ ਹੈ। [3]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਗੱਲ ਉਘੜ ਕੇ ਆਉਂਦੀ ਹੈ ਕਿ ਰਸ ਕਿਤੇ ਬਾਹਰੋਂ ਨਹੀਂ ਆਉਂਦਾ ਬਲਕਿ ਇਹ ਮਨੁੱਖ ਦੇ ਅੰਦਰ ਹੀ ਹੁੰਦਾ ਹੈ। ਜਿਸਦਾ ਆਧਾਰ ਮਨੁੱਖੀ ਭਾਵਨਾਵਾਂ ਹੁੰਦੀਆਂ ਹਨ।

ਭਾਵ ਅਤੇ ਰਸ ਦਾ ਗੂੜ੍ਹਾ ਨਾਤਾ ਹੈ। ਮਨੁੱਖੀ ਹਿਰਦੇ ਵਿਚ ਜਿਹੜੇ ਭਾਵ ਉਠਦੇ ਹਨ ਜਦੋਂ ਉਹ ਪਰਿਪੱਕ ਹੋ ਜਾਂਦੇ ਹਨ ਤਾਂ ਰਸ ਦਾ ਰੂਪ ਧਾਰਣ ਕਰ ਲੈਂਦੇ ਹਨ। ਮਨ ਵਿੱਚ ਹਰੇਕ ਤਰ੍ਹਾਂ ਦੇ ਉਤਪੰਨ ਹੋਣ ਵਾਲੇ ਭਾਵ ਰਸ ਦਾ ਰੂਪ ਧਾਰਣ ਨਹੀਂ ਕਰਦੇ ਬਲਕਿ ਵਿਸ਼ੇਸ਼ ਭਾਵ ਹੀ ਰਸ ਉਤਪੱਤੀ ਦਾ ਮੁੱਖ ਕਾਰਣ ਬਣਦੇ ਹਨ। ਇਹ ਭਾਵ ਦੋ ਤਰ੍ਹਾਂ ਦੇ ਹੁੰਦੇ ਹਨ।

1. ਅਸਥਾਈ ਭਾਵ
2. ਸਥਾਈ ਭਾਵ

ਅਸਥਾਈ ਭਾਵ ਉਹ ਭਾਵ ਜਿਹੜੇ ਕਿਸੇ ਦ੍ਰਿਸ਼, ਥਾਂ ਚੰਗਾ, ਭੈੜਾ ਜਾਂ ਜੀਵਨ ਦੇ ਹੋਰ ਕਿਸੇ ਪ੍ਰਕਾਰ ਦੇ ਅਨੁਭਵ ਨੂੰ ਦੇਖ ਕੇ ਪ੍ਰਗਟ ਤਾਂ ਹੁੰਦੇ ਹਨ ਪਰੰਤੂ ਥੋੜ੍ਹੀ ਦੇਰ ਬਾਅਦ ਖਤਮ ਹੋ ਜਾਂਦੇ ਹਨ, ਨੂੰ ਅਸਥਾਈ ਭਾਵ ਕਿਹਾ ਜਾਂਦਾ ਹੈ। ਇਨ੍ਹਾਂ ਭਾਵਾਂ ਨਾਲ ਰਸ ਉਤਪੱਤੀ ਨਹੀਂ ਹੋ ਸਕਦੀ।

ਸਥਾਈ ਭਾਵ "ਭਾਰਤੀਏ ਦਾਰਸ਼ਨਿਕੋਂ ਕਾ ਕਥਨ ਹੈ ਕਿ ਸੰਸਕਾਰ ਜਨਮ ਜਨਮਾਂਤਰ ਤਕ ਜੀਵ ਕੇ ਸਾਥ ਰਹਿਤੇ ਹੈਂ ਔਰ ਜੀਵ ਕੇ ਮਨ ਮੇਂ ਬਸ ਜਾਤੇ ਹੈਂ। ਇਸ ਲਿਏ ਇੰਨ ਸੰਸਕਾਰੋ ਕੇ ਭਾਵੇ ਕੋ ਸਥਾਈ ਭਾਵ ਕਹਾ ਜਾਤਾ ਹੈ"[4] "ਸਥਾਈ ਭਾਵਨਾਂ ਸੇ ਤਾਤਪਰ ਉਸ ਭਾਵਨਾ ਸੇ ਹੈ ਜੋ ਮਨ ਮੇਂ ਏਕ ਬਾਰ ਉਦਿਤ ਹੋ ਕਰ ਬਹੁਤ ਸਮੇ ਤੱਕ ਬਰਾਬਰ ਸਥਿਰ ਰਹਿਤੀ ਹੈ।" [5] ਸਥਾਈ ਭਾਵ ਮਨੁੱਖ ਦੀਆਂ ਪ੍ਰੇਰਕ ਸ਼ਕਤੀਆਂ ਹਨ ਅਤੇ ਸਥਾਈ ਰੂਪ ਵਿੱਚ ਮਨੁੱਖੀ ਮਨ ਅੰਦਰ ਸੁਤੇ ਪਏ ਰਹਿੰਦੇ ਹਨ ਜਿਹੜੇ ਅਨੁਕੂਲ ਵਾਤਾਵਰਣ ਵਿਚ ਜਾਗ ਪੈਂਦੇ ਹਨ।" [6] "ਵਿਭਾਵ ਅਨੁਭਾਵ ਸੰਚਾਰੀ ਭਾਵਾਂ ਦੇ ਵਰਣਨ ਨਾਲ ਸਥਾਈ ਭਾਵ ਜਾਗ੍ਰਿਤ ਅਤੇ

ਪੁਸ਼ਟ ਹੋ ਕੇ ਰਸ ਵਿੱਚ ਬਦਲ ਜਾਂਦੇ ਹਨ।"[7]

ਇਨ੍ਹਾਂ ਕਥਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਸਥਾਈ ਭਾਵ ਹੀ ਰਸ ਦੀ ਉਤਪੱਤੀ ਦਾ ਮੁੱਖ ਕਾਰਣ ਹੁੰਦੇ ਹਨ।

ਰਸ ਅਖੰਡ ਹੈ ਦੁਖ ਜਾ ਸੁਖ ਤੋਂ ਪਰੇ ਹੈ। ਮਨੁੱਖੀ ਹਿਰਦੇ ਵਿਚ ਵਿਭਿੰਨ ਭਾਵਾਂ ਦੀ ਉਤਪੱਤੀ ਸੁੱਖ ਜਾ ਦੁੱਖ ਦਾ ਮੁੱਖ ਕਾਰਣ ਬਣਦੀ ਹੈ ਜਦੋਂ ਕਿ ਰਸ ਤੇ ਇਸਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਰਸਾਚਾਰੀਆਂ ਨੇ ਰਸਾਂ ਦੀ ਗਿਣਤੀ ਮੁੱਖ ਰੂਪ ਨਾਲ 9 ਮੰਨੀ ਹੈ।

| | | | |
|---|---|---|---|
| 1. ਸ਼ਾਤ ਰਸ | 2. ਸ਼ਿੰਗਾਰ 3. ਕਰੁਣ | 4. ਅਦਭੁਤ ਰਸ | 5 ਵੀਰ ਰਸ |
| 6. ਹਾਸ ਰਸ | 7. ਰੋਦ੍ਰ ਰਸ | 8 ਭਿਆਨਕ ਰਸ | 9. ਵੀਭਤਸ ਰਸ। |

## ਸ਼ਾਂਤ ਰਸ

ਰਸਾਚਾਰੀਆਂ ਨੇ ਸ਼ਾਂਤ ਰਸ ਨੂੰ ਮੁੱਖ ਰਸ ਮੰਨਿਆ ਹੈ ਉਹਨਾਂ ਦੇ ਕਥਨ ਅਨੁਸਾਰ ਸ਼ਾਂਤਰਸ ਵਿਚ ਹੀ ਸਾਰੇ ਰਸ ਆ ਕੇ ਮਿਲਦੇ ਹਨ। ਇਸ ਰਸ ਵਿੱਚ ਮਨ ਦੀ ਅਵਸਥਾ ਸ਼ਾਂਤ ਹੁੰਦੀ ਹੈ।

## ਸ਼ਿੰਗਾਰ ਰਸ

ਪ੍ਰੇਮ ਇਸਦਾ ਸਥਾਈ ਭਾਵ ਹੈ। ਇਹ ਪ੍ਰੇਮ ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ ਅਤੇ ਆਤਮਾਂ-ਪ੍ਰਮਾਤਮਾ ਦਾ ਵੀ ਹੋ ਸਕਦਾ ਹ। ਕੁਝ ਵਿਦਵਾਨ ਇਸਨੂੰ ਪ੍ਰਧਾਨ ਰਸ ਦੀ ਪਦਵੀ ਵੀ ਦਿੰਦੇ ਹਨ। ਇਸ ਕਰਕੇ ਇਸਨੂੰ ਰਸ ਰਾਜ ਵੀ ਕਿਹਾ ਜਾਂਦਾ ਹੈ। ਪ੍ਰੇਮੀਆਂ ਅੰਦਰ ਮੌਜੂਦ ਭਾਵ ਜਦੋਂ ਲੋੜੀਂਦੀ ਸਮੱਗਰੀ ਅਤੇ ਮਹੌਲ ਪ੍ਰਾਪਤ ਕਰਦੇ ਹਨ ਤਾਂ ਉਹਨਾਂ ਅੰਦਰ ਸ਼ਿੰਗਾਰ ਰਸ ਦੀ ਅਨਭੂਤੀ ਹੁੰਦੀ ਹੈ। ਸ਼ਿੰਗਾਰ ਰਸ ਦੇ ਦੋ ਰੂਪ ਮੰਨੇ ਜਾਂਦੇ ਹਨ।

1. ਸੰਯੋਗ ਸ਼ਿੰਗਾਰ
2. ਵਿਯੋਗ ਸ਼ਿੰਗਾਰ

ਸੰਯੋਗ ਸ਼ਿੰਗਾਰ : ਇਸ ਰਸ ਦਾ ਬਿਆਨ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਪ੍ਰੇਮੀ ਪ੍ਰੇਮਿਕਾ ਦੇ ਆਪਸੀ ਮਿਲਾਪ ਦਾ ਵਰਣਨ ਕਰਨਾ ਹੋਵੇ।

ਵਿਯੋਗ ਸ਼ਿੰਗਾਰ : ਇਸ ਰਸ ਦਾ ਵਰਣਨ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਪ੍ਰੇਮੀ ਦੇ ਵਿਛੋੜੇ ਵਿੱਚ ਦੁੱਖ ਸਹਿ ਰਹੀ ਪ੍ਰੇਮਿਕਾ ਦੀ ਭਾਵਨਾ ਨੂੰ ਪ੍ਰਗਟ ਕਰਨਾ ਹੋਵੇ।

ਕਰੁਣ ਰਸ : ਕਰੁਣ ਰਸ ਦਾ ਸਥਾਈ ਭਾਵ ਸ਼ੋਕ ਹੁੰਦਾ ਹੈ। ਇਸ ਵਿੱਚ ਮਨੁੱਖੀ ਮਨ ਦੇ ਅੰਦਰ ਹਮਦਰਦੀ ਦੀ ਭਾਵਨਾ ਦਾ ਪ੍ਰਸਾਰ ਹੁੰਦਾ ਹੈ। "ਮਨੁੱਖੀ ਹਿਰਦੇ ਵਿਚ ਦੁਖਾਂਤ ਭਾਵ ਜਾਂ ਸ਼ੋਕ ਭਾਵ ਜਿੰਨੀ ਸ਼ਿੱਦਤ ਨਾਲ ਪ੍ਰਭਾਵਿਤ ਕਰਦਾ ਹੈ ਉਤਨਾਂ ਸੁਖਾਤਮਕ ਭਾਵ ਨਹੀਂ ਕਰ ਸਕਦਾ।"[9] ਬਾਲਮੀਕੀ ਰਾਮਾਇਣ ਵਿਚ ਕਰੁਣ ਰਸ ਦੀ ਹੀ ਪ੍ਰਧਾਨਤਾ ਹੈ। ਇਸ ਗ੍ਰੰਥ ਵਿਚ ਕਈ ਹੋਰ ਭਾਵ ਵੀ ਆਉਂਦੇ ਹਨ ਪਰੰਤੂ ਥੋੜ੍ਹੀ ਦੇਰ ਬਾਅਦ ਚਲੇ ਜਾਂਦੇ ਹਨ।

ਅਦਭੁਤ ਰਸ : ਅਸ਼ਰਚਤਾ ਅਦਭੁਤ ਰਸ ਦਾ ਸਥਾਈ ਭਾਵ ਹੈ। ਕਿਸੇ ਅਦਭੁਤ ਵਸਤੂ ਜਾਂ ਨਜ਼ਾਰਾ ਦੇਖਦੇ ਸਾਰ ਮਨੁੱਖੀ ਹਿਰਦੇ ਵਿਚ ਜਿਹੜੇ ਭਾਵ ਸਥਾਈ ਰੂਪ ਨਾਲ ਬੈਠ ਜਾਂਦੇ ਹਨ, ਉਹ ਅਦਭੁਤ ਰਸ ਦੀ ਉਤਪੱਤੀ ਕਰਦੇ ਹਨ। "ਵਿਸਮਯ ਮਾਨਵ ਕੀ ਆਦਿਮ ਮੂਲ ਪ੍ਰਵਿਰਤੀ ਹੈ।"[10]

ਅਦਭੁਤ ਨਜ਼ਾਰਾ ਜਾਂ ਵਸਤੂ ਦੇਖ ਕੇ ਹਰੇਕ ਮਨੁੱਖ ਨੂੰ ਹੈਰਾਨੀ ਤਾਂ ਹੁੰਦੀ ਹੈ ਪਰੰਤੂ ਉਹ ਸਾਰੇ ਭਾਵ ਅਦਭੁਤ ਰਸ ਵਿੱਚ ਨਹੀਂ ਪ੍ਰਗਟ ਹੋ ਸਕਦੇ। ਅਸਲ ਵਿੱਚ ਅਦਭੁਤ ਰਸ ਦਾ ਪ੍ਰਸਾਰ ਵਿਆਪਕ ਅਰਥਾਂ ਵਿੱਚ ਹੋਇਆ ਹੈ।

ਵੀਰ ਰਸ  ਉਤਸ਼ਾਹ ਇਸਦਾ ਸਥਾਈ ਭਾਵ ਹੁੰਦਾ ਹੈ। ਇਸ ਰਸ ਨਾਲ ਸਬੰਧਿਤ ਨਾਇਕ ਵੀਰ, ਦਾਨੀ ਜਾਂ ਦਿਆਲੂ ਹੁੰਦੇ ਹਨ। ਵੀਰ ਰਸ ਭਾਵਨਾਵਾਂ ਕਠਨਾਈਆਂ ਸੰਕਟਾਂ ਅਤੇ ਅਤਿਆਚਾਰਾਂ ਦਾ ਸਾਹਮਣਾ ਕਰਨ ਲਈ ਹੌਂਸਲਾ ਅਤੇ ਉਤਸ਼ਾਹ ਦਿੰਦੀਆਂ ਹਨ।

ਹਾਸ ਰਸ :  ਹਾਸਾ ਹਾਸ ਰਸ ਦਾ ਸਥਾਈ ਭਾਵ ਹੈ। ਹਾਸਾ ਤਾਂ ਕਿਸੇ ਵੀ ਬੇਤੁਕੀ ਜਾ ਬੇਢੰਗੀ ਗੱਲ ਨੂੰ ਦੇਖ ਕੇ ਵੀ ਆ ਜਾਂਦਾ ਹੈ ਪਰੰਤੂ ਉਸਨੂੰ ਹਾਸੇ ਦਾ ਉਦਾਤ ਨਹੀਂ ਕਿਹਾ ਜਾ ਸਕਦਾ। ਉਦਾਤ ਹਾਸਾ ਸਾਧਾਰਣ ਹਾਸੇ ਨਾਲੋਂ ਭਿੰਨ ਹੁੰਦਾ ਹੈ। ਉਦਾਤ ਹਾਸੇ ਵਿੱਚ ਮਨੁੱਖੀ ਉਚ ਹਾਸ ਪ੍ਰਵਿਰਤੀਆਂ ਜਾਂ ਭਾਵਨਾਵਾਂ ਦਾ ਯੋਗ ਰਹਿੰਦਾ ਹੈ।

ਰਾਗ : ਰਾਗ ਭਾਰਤੀ ਸ਼ਾਸਤ੍ਰੀ ਸੰਗੀਤ ਦੀ ਅਨੋਖੀ ਅਤੇ ਅਮੁਲੀ ਦੇਣ ਹੈ। Raga is a distinctive feature of Indian Music & is not known to the music of west.[11]

ਭਾਰਤੀ ਸੰਗੀਤ ਵਿੱਚ ਰਾਗ ਕੇਵਲ ਵਿਸ਼ੇਸ਼ ਸਵਰਾਂ ਦਾ ਢਾਂਚਾ ਨਹੀਂ ਹੈ। The seers of music never regarded a raga as a mere skelton of tones and semitones but recognize them as an emobodiment of living and dynamic force. [12]

ਰਾਗ ਦਾ ਪ੍ਰਯੋਗ ਕੇਵਲ ਮਨੋਰੰਜਨ ਕਰਨ ਲਈ ਨਹੀਂ ਕੀਤਾ ਬਲਕਿ ਆਨੰਦ ਦੀ ਪ੍ਰਾਪਤੀ ਲਈ ਕੀਤਾ (ਆਨੰਦ ਤੋਂ ਭਾਵ ਦੁਨਿਆਵੀ ਅਨੰਦ ਤੋਂ ਨਹੀਂ ਬਲਕਿ ਮਾਨਸਿਕ ਅਨੰਦ ਤੋਂ ਹੈ) ਆਨੰਦ ਦੀ ਪ੍ਰਾਪਤੀ ਲਈ ਮਨੁੱਖ ਨੇ ਰਾਗ ਦੇ ਮਾਧਿਅਮ ਦੁਆਰਾ ਭਿੰਨ-ਭਿੰਨ ਭਾਵਨਾਵਾਂ ਪ੍ਰਗਟ ਕੀਤੀਆਂ। ਇਹ ਭਾਵਨਾਵਾਂ ਜਦੋਂ ਮਨੁੱਖੀ ਹਿਰਦੇ ਵਿੱਚ ਸਥਾਈ ਰੂਪ ਲੈ ਗਈਆਂ ਤਾਂ ਰਸ ਬਣ ਗਈਆਂ। ਰਾਗ ਅਤੇ ਰਸ ਦਾ ਅਟੁੱਟ ਸਬੰਧ ਹੈ ਕਿਉਂਕਿ ਦੋਵਾਂ ਦਾ ਸਬੰਧ ਭਾਵਨਾਵਾਂ ਨਾਲ ਹੈ।

"ਰਸ ਕੇ ਸਭੀ ਤੱਤਵੋਂ ਮੇਂ ਅੱਛਾ ਪਰਿਪਾਕ ਹੋਤਾ ਹੈ ਔਰ ਇਸੀਲਿਏ ਇਸ ਰਾਗ ਕੇ ਲਿਏ ਸਰਵੋਤਮ ਮਾਨਾ ਗਿਆ ਹੈ।"[13] ਵਿਸ਼ੇਸ਼ ਰਾਗ ਦਾ ਵਿਸ਼ੇਸ਼ ਰਸ ਨਾਲ ਸਬੰਧ ਆਰੰਭ ਤੋਂ ਹੀ ਮੰਨਿਆ ਆ ਰਿਹਾ ਹੈ। ਜਿਵੇਂ ਭੈਰਵੀ ਰਾਗ ਦੀਆਂ ਹੇਠ ਲਿਖੀਆਂ ਰਚਨਾਵਾਂ ਤੋਂ ਇਹ ਅਨੁਭਵ ਹੁੰਦਾ ਹੈ ਕਿ ਭੈਰਵੀ ਰਾਗ ਨੂੰ ਭਗਤੀ ਰਸ ਦਾ ਰਾਗ ਮੰਨਿਆ ਗਿਆ ਹੈ।

1 "ਮਧਿਅਮ ਵਾਦੀ ਸੁਰ ਸੰਵਾਦੀ ਭਗਤੀ ਰਸ ਕੀ ਖਾਨੀ" ॥(ਲਕਸ਼ਣ ਗੀਤ)[14]

2. "ਭਸਮ ਅੰਗ ਗੌਰੀ ਸੰਗ ਜਟਾ ਮੇ ਵਿਰਾਜੇ ਰੰਗ" ॥15

"ਵਿਸ਼ਿਸ਼ਟ ਰਾਗ ਵਿਸ਼ਿਸ਼ਟ ਰਸੋਂ ਕੇ ਲਿਏ ਹੀ ਬਨੇ ਹੈ ਜੈਸੇ ਹਿੰਡੋਲ ਰਾਗ ਮੇਂ ਵੀਰ ਰਸ ਕਾ ਓਜ ਹੈ ਤੋ ਬਾਗੇਸ਼ਵਰੀ ਮੇ ਸ਼ਿੰਗਾਰ ਕੇ ਵਿਰਹ ਕੀ ਸਿਸਕ।" ਮੱਧ ਕਾਲ ਵਿੱਚ ਵਿਸ਼ੇਸ਼ ਰਾਗ ਵਿਚ ਵਿਸ਼ੇਸ਼ ਰਸ ਦਾ ਪ੍ਰਗਟਾਵਾ ਕਰਨ ਲਈ ਉਹਨਾਂ ਦੇ ਧਿਆਨ ਚਿਤ੍ਰ ਵੀ ਅੰਕਿਤ ਕੀਤੇ ਗਏ ਹਨ।

ਜਿਨ੍ਹਾਂ ਚਿਤ੍ਰਾਂ ਦਾ ਆਲੋਚਨਾਤਮਕ ਅਧਿਐਨ ਕਰਨ ਤੇ ਪਤਾ ਲਗਦਾ ਹੈ ਕਿ ਇਕ ਹੀ ਰਾਗ ਦੇ ਚਿਤ੍ਰ ਭਿੰਨ ਭਿੰਨ ਢੰਗ ਰਾਹੀਂ ਪੇਸ਼ ਕੀਤੇ ਗਏ ਹਨ ਅਰਥਾਤ ਇਕ ਕਲਾਕਾਰ ਕਿਸੇ ਵਿਸ਼ੇਸ਼ ਰਾਗ ਦਾ ਚਿਤ੍ਰ ਕਿਸੇ ਹੋਰ ਢੰਗ ਨਾਲ ਕਰਦਾ ਹੈ ਜਦੋਂ ਕਿ ਦੂਸਰਾ ਕਲਾਕਾਰ ਉਸੇ ਰਾਗ ਦਾ ਚਿਤ੍ਰ ਵੱਖ ਤਰੀਕੇ ਨਾਲ ਅੰਕਿਤ ਕਰਦਾ ਹੈ।

ਉਪਰੋਕਤ ਤੱਤ ਇਸਦੀ ਪੁਸ਼ਟੀ ਕਰਦਾ ਹੈ ਕਿ ਵਿਸ਼ੇਸ਼ ਰਾਗ ਦਾ ਵਿਸ਼ੇਸ਼ ਰਸ ਨਾਲ ਸਬੰਧ ਨਹੀਂ ਹੁੰਦਾ ਬਲਕਿ ਹੋਰਨਾਂ ਰਸਾਂ ਦਾ ਪ੍ਰਯੋਗ ਉਚਿਤ ਸੰਗੀਤਕ ਪੱਖਾਂ ਦਾ ਪ੍ਰਯੋਗ ਕਰਕੇ ਹੋਰਨਾਂ ਰਸਾਂ ਦਾ ਵੀ ਪ੍ਰਗਟਾਵਾ ਹੋ ਸਕਦਾ ਹੈ ਕਿਉਂਕਿ ਇਕ ਰਾਗ ਵਿਚ ਵਿਭਿੰਨ ਸ਼ੈਲੀਆਂ ਦੁਆਰਾ ਵਿਭਿੰਨ ਰਚਨਾਵਾਂ ਮਿਲਦੀਆਂ ਹਨ ਜਿਹੜੀਆਂ ਵਿਭਿੰਨ ਰਸਾਂ ਦਾ ਪ੍ਰਗਟਾਵਾ ਕਰਦੀਆਂ ਹਨ।

ਸ਼ਾਸਤ੍ਰੀ ਸੰਗੀਤ ਵਿੱਚ ਕਾਵਿ ਦੇ ਸਾਰੇ ਰਸਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਜਿਵੇਂ ਰੌਦ੍ਰ ਭਿਆਨਕ ਵੀਭਤਸ ਤੇ ਹਾਸ ਰਸ ਆਦਿ। ਸੰਗੀਤ ਕਲਾ ਵਿਚ ਰਸ ਉਤਪੱਤੀ ਕਾਵਿ ਕਲਾ ਨਾਲੋਂ ਜਿਆਦਾ ਕਠਿਨ ਹੈ। ਕਾਵਿ ਕਲਾ ਵਿਚ ਵਰਤੀ ਗਈ ਸ਼ਬਦਾਵਲੀ ਦਾ ਸਰੋਤਿਆਂ ਜਾਂ ਪਾਠਕਾਂ ਤੇ ਜਲਦ ਅਤੇ ਵਧੇਰੇ ਪ੍ਰਭਾਵ ਪੈਂਦਾ ਹੈ ਪਰੰਤੂ ਸ਼ਾਸਤ੍ਰੀ ਕੰਠ ਸੰਗੀਤ ਵਿਚ ਨਿਸ਼ਚਿਤ ਅਤੇ ਘੱਟ ਸ਼ਬਦਾਵਲੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। "ਗਾਇਕ ਅਪਨੇ ਭਾਵੋਂ ਕੀ ਅਭਿਵਿਅਕਤੀ ਸੀਮਤ ਸਾਧਨੋ ਮੇ ਹੀ ਕਰ ਪਾਤਾ ਹੈ।

ਉਸਕੇ ਪਾਸ ਕੇਵਲ ਸਵਰੋ ਕਾ ਕ੍ਰਮਬਧ ਸਮਜਸ ਸਮੂਹ ਰਹਿਤਾ ਹੈ, ਪ੍ਰਮੁੱਖ ਵਰਣ ਰਹਿਤੇ ਹੈਂ ਅਲਾਪ ਰਹਿਤਾ ਹੈ, ਔਰ ਇਨਹੀਂ ਸੀਮਤ ਸਾਧਨੋ ਕੋ ਅਪਨਾ ਕਰ ਅਨਕੂਲ ਕਾਕੂ ਔਰ ਮੁਦਰਾਓ ਕਾ ਆਸ਼ਰਿਆ ਲੇਕਰ ਵਹਿ ਭਾਵ ਕੀ ਅਭਿਵਿਅਕਤੀ ਕਰਤਾ ਹੈ।"[17]

ਵਾਦਨ ਸੰਗੀਤ ਵਿਚ ਰਸ ਉਤਪੱਤੀ ਹੋਰ ਵੀ ਮੁਸ਼ਕਲ ਹੁੰਦੀ ਹੈ ਕਿਉਂਕਿ ਉਸ ਵਿਚ ਕੇਵਲ ਧਵਨੀ ਹੀ ਰਹਿੰਦੀ ਹੈ, ਸ਼ਬਦ ਨਹੀਂ ਹੁੰਦੇ।

ਸੰਗੀਤ ਦੇ ਮਾਧਿਅਮ ਰਾਹੀਂ ਰਸ ਉਤਪੱਤੀ ਕਰਨਾ ਕਠਿਨ ਕੰਮ ਹੈ। ਸੰਗੀਤ ਰਾਹੀਂ ਰਸ ਉਤਪਤੀ ਵੇਲੇ ਸੰਗੀਤਕਾਰ ਨੂੰ ਹੇਠ ਲਿਖੇ ਪੱਖਾਂ ਵਲ ਧਿਆਨ ਦੇਣਾ ਜਰੂਰੀ ਹੈ।

1. ਰਾਗ ਦਾ ਸਹੀ ਸਰੂਪ ਅਤੇ ਸਵਰਾਂ ਦਾ ਠੀਕ ਲਗਾਉ।
2. ਉਚਿਤ ਸੰਗੀਤ ਸ਼ੈਲੀ
3. ਉਪਯੁਕਤ ਤਾਲ ਅਤੇ ਲਯ
4. ਆਲਾਪ ਤਾਨ, ਤੋੜੇ, ਕਣ, ਮੁਰਕੀ, ਜਮਜਮਾ ਆਦਿ ਨਾਲ ਬੰਦਿਸ਼ ਨੂੰ ਅਲੰਕ੍ਰਿਤ ਕਰਨਾ।
5. ਸ਼ਰੋਤਿਆਂ ਨੂੰ ਆਕਰਸ਼ਿਤ ਕਰਨ ਦਾ ਢੰਗ।
6. ਕਲਾਕਾਰ ਦੀ ਨਿੱਜੀ ਭਾਵਨਾਂ
7. ਰਸ ਅਨਕੂਲ ਸ਼ਬਦਾਵਲੀ ਦੀ ਵਰਤੋਂ

ਉਪਰੋਕਤ ਸਾਰੇ ਪੱਖਾਂ ਵਲ ਸੰਗੀਤਕਾਰ ਨੂੰ ਸ਼ਾਸਤ੍ਰੀ ਕੰਠ ਸੰਗੀਤ ਵਿਚ ਰਸ ਉਤਪਤੀ ਵੇਲੇ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਇਨ੍ਹਾਂ ਵਿੱਚੋਂ ਕਿਸੇ ਇਕ ਪੱਖ ਵਲ ਵੀ ਅਣਗਹਿਲੀ ਕਰਨ ਨਾਲ ਰਸ ਉਤਪੱਤੀ ਅਸੰਭਵ ਹੈ। ਉਦਾਹਰਣ ਲਈ ਕੋਈ ਸੰਗੀਤਕਾਰ ਭਗਤੀ ਭਾਵਨਾ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਰਚਨਾ ਵਿਚ ਰਸ ਦੇ ਅਨਕੂਲ ਉਚਿਤ ਸ਼ਵਦਾਵਲੀ, ਰਾਗ ਦਾ ਸਹੀ ਸਰੂਪ ਅਤੇ ਉਚਿਤ ਲਯ ਤਾਲ ਆਦਿ ਪ੍ਰਯੋਗ ਕਰਦਾ ਹੈ ਪਰੰਤੂ ਉਹ ਉਸ ਭਗਤੀ ਰਸ ਦੀ ਰਚਨਾ ਨੂੰ ਖਿਆਲ ਜਾਂ ਧ੍ਰੁਪਦ ਸ਼ੈਲੀ ਆਦਿ ਵਿਚ ਨਾ ਪੇਸ਼ ਕਰਕੇ ਸ਼ਿੰਗਾਰਿਕ ਠੁਮਰੀ ਜਾਂ ਦਾਦਰਾ ਆਦਿ ਵਿਚ ਕਰਦਾ ਹੈ ਤਾਂ ਉਹ ਉਚ ਭਗਤੀ ਭਾਵਨਾ ਲਿਆਉਣ ਵਿੱਚ ਅਸਫਲ ਰਹੇਗਾ। ਰਸ ਉਤਪੱਤੀ ਵਿੱਚ ਕਲਾਕਾਰ ਦੀ ਨਿੱਜੀ ਭਾਵਨਾ ਬਹੁਤ ਮਹੱਤਾ ਰਖਦੀ ਹੈ। ਜਿਸਤਰ੍ਹਾਂ ਦੇ ਰਸ ਦੀ ਉਤਪੱਤੀ ਕਰਨੀ ਹੋਵੇ ਉਸਦੇ ਅਨਕੂਲ ਚੇਹਰੇ ਦੇ ਭਾਵ ਹੋਵੇ ਜਰੂਰੀ ਹੈ।

ਇਸ ਤੱਤ ਤੋਂ ਇਹ ਹੀ ਸਿੱਟੀ ਨਿਕਲਦਾ ਹੈ ਕਿ ਕਿਸੇ ਵਿਸ਼ੇਸ਼ ਰਾਗ ਦਾ ਕਿਸੇ ਵਿਸ਼ੇਸ਼ ਰਸ ਨਾਲ ਸਬੰਧ ਨਹੀਂ ਹੈ। ਬਲਕਿ ਕਿਸੇ ਵੀ ਰਾਗ ਵਿਚ ਉਚਿਤ ਸੰਗੀਤਕ ਪੱਖਾਂ ਦਾ ਪ੍ਰਯੋਗ ਕਰਕੇ ਉਸ ਵਿੱਚ ਹੋਰਨਾਂ ਰਸਾਂ ਦੀ ਵੀ ਉਤਪੱਤੀ ਕੀਤੀ ਜਾ ਸਕਦੀ ਹੈ।

ਹਵਾਲੇ:

1. ਲਕਸ਼ਮੀ ਨਾਰਾਇਣ ਗਰਗ 'ਸਬੰਧ ਸੰਗੀਤ' ਸੰਗੀਤ ਕਾਰਯਾਲਯ ਹਾਥਰਸ ਪੰਨਾ 498
2. ਰਾਮ ਰਸਾਲ ਸ਼ੁਕਲ ' ਰਸ ਛੰਦ ਲੰਕਾਰ' ਗਰਗ ਬ੍ਰਦਰਸ਼ ਇਲਾਹਾਬਾਦ ਪੰਨਾ 6
3. ਡਾ. ਨਗੇਂਦ੍ਰ ' ਰਸ ਸਿਧਾਂਤ' ਨਿਊ ਬੁਕ ਜਲੰਧਰ ਪੰਨਾ 89
4. ਆਚਾਰਿਆ ਬ੍ਰਹਿਸਪਤੀ 'ਸੰਗੀਤ ਚਿੰਤਾਮਨੀ' ਪੰਨਾ 3
5. ਰਾਮ ਰਸਾਲ ਸ਼ੁਕਲ ' ਰਸ ਛੰਦ ਲੰਕਾਰ' ਗਰਗ ਬ੍ਰਦਰਜ਼ ਇਲਾਹਾਬਾਦ ਪੰਨਾ 6
6. ਈਸ਼ਰ ਸਿੰਘ 'ਭਾਰਤੀ ਸਮੀਖਿਆ ਦੇ ਸਿਧਾਂਤ' ਲੀਲਾ ਪਬਲੀਸ਼ਰਜ਼ ਪਟਿਆਲਾ ਪੰਨਾ 58
7. ਪ੍ਰੇਮ ਪ੍ਰਕਾਸ਼ ਸਿੰਘ 'ਗੁਰੂ ਨਾਨਕ ਤੇ ਨਿਰਗੁਣ ਧਾਰਾ' ਭਾਸ਼ਾ ਵਿਭਾਗ ਪਟਿਆਲਾ ਪੰਨਾ 275
8. ਭਰਤ ਨਾਟਿਆਸ਼ਾਸਤ੍ਰ - ਸੰਗੀਤ ਕਾਰਯਾਲਿਆ ਹਾਥਰਸ ਪੰਨਾ 7

9. ਪ੍ਰੇਮ ਪ੍ਰਕਾਸ਼ ਸਿੰਘ 'ਗੁਰੂ ਨਾਨਕ ਤੇ ਨਿਰਗੁਣ ਧਾਰਾ' ਭਾਸ਼ਾ ਵਿਭਾਗ ਪਟਿਆਲਾ ਪੰਨਾ 277
10. ਕ੍ਰਿਸ਼ਨਾਧਰ ਝਾਂਗੀ 'ਰਸ ਸਿਧਾਂਤ' ਅਸ਼ੋਕ ਪ੍ਰਕਾਸ਼ਨ ਨਵੀਂ ਦਿੱਲੀ ਪੰਨਾ 97
11. ਜੀ. ਐਫ. ਰਾਨਾਡੇ 'ਹਿੰਦੁਸਤਾਨੀ ਮਿਊਜਿਕ ਇਟਸ ਫਿਜਿਕਸ ਐਂਡ ਐਸਥੈਟਿਕਸ ਪੰਨਾ 101
12. ਪਰਮਾਨੰਦ 'ਹਿਸਟੋਰੀਕਲ ਸਟਡੀਜ਼ ਆਫ ਇੰਡਿਅਨ ਮਿਊਜ਼ਿਕ ਪੰਨਾ 123
13. ਹਾਥਰਸ ਕਾਰਯਾਲਿਆ 'ਸੰਗੀਤ ਪਤ੍ਰਿਕਾ ਜੂਨ ਅੰਕ 1982 ਪੰਨਾ 4
14. ਭਾਤਖੰਡੇ 'ਕ੍ਰਮਿਕ ਪੁਸਤਕ ਮਾਲਿਕਾ' ਪੰਨਾ 383
15. ਭਾਤਖੰਡੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ -2 ਪੰਨਾ 420
16. ਹਾਥਰਸ ਕਾਰਯਾਲਿਆ 'ਸੰਗੀਤ ਪਤ੍ਰਿਕਾ' ਜੂਨ ਅੰਕ 1982 ਪੰਨਾ 4
17. ਰਾਮ ਰਸਾਲ ਸ਼ੁਕਲ 'ਭਾਰਤੀਯ ਸੋਦਰਯ ਸ਼ਾਸਤਰ ਕਾ ਤਾਤਵਿਕ ਵਿਵੇਚਨ ਏਵੰ ਲਲਿਤ ਕਲਾਏਂ' ਨੈਸ਼ਨਲ ਪਬਲਿਸ਼ਿੰਗ ਹਾਊਸ ਦਿੱਲੀ ਪੰਨਾ 156




ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈੱਸ
ਮੋਬਾਇਲ ਨੰ: 9855640630 ਉੱਤੇ ਐੱਸ. ਐੱਮ. ਐੱਸ. ਕਰੋ ਜੀ

**ਅੰਮ੍ਰਿਤ ਕੀਰਤਨ**

# 422, ਸੈਕਟਰ 15-ਏ, ਚੰਡੀਗੜ੍ਹ-160 015, ਮੋਬਾਇਲ : 9855640630
E-mail : drjagirsingh@gmail.com Webstie : www.amritkirtan.com

# ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਸੰਗੀਤ ਦਾ ਮੱਹਤਵ

**ਡਾ. ਜਤਿੰਦਰ ਕੌਰ**

ਭਾਰਤੀ ਧਰਮ ਸਾਧਨਾ ਦੇ ਇਤਿਹਾਸ ਵਿਚ ਲੀਹ ਤੋਂ ਹਟ ਕੇ ਯੋਗਦਾਨ ਪਾਉਣ ਵਾਲੇ ਸਾਧਕਾਂ ਵਿਚ ਗੁਰੂ ਅਰਜਨ ਦੇਵ ਜੀ ਦਾ ਨਾਮ ਵਿਸ਼ੇਸ ਤੌਰ' ਤੇ ਵਰਣਨਯੋਗ ਹੈ। ਉਹ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰੂ ਪ੍ਰਪੰਰਾ ਦੇ ਪੰਜਵੇਂ ਗੁਰੂ ਸਨ ਜਿਨ੍ਹਾਂ ਨੇ ਨਾ ਸਿਰਫ਼ ਸਿੱਖ ਧਰਮ ਦੇ ਵਿਕਾਸ ਵਿਚ ਇਤਿਹਾਸਕ ਯੋਗਦਾਨ ਪਾਇਆ ਸਗੋਂ ਆਪਣਾ ਬਲੀਦਾਨ ਦੇ ਕੇ ਗੁਰੂ ਪ੍ਰਪੰਰਾ ਨੂੰ ਇਕ ਅਜਿਹੇ ਮੋੜ ਤੇ ਲਿਆ ਕੇ ਖੜ੍ਹਾ ਕਰ ਦਿੱਤਾ ਜਿੱਥੇ ਭਗਤੀ ਦੀ ਰੱਖਿਆ ਲਈ ਸ਼ਕਤੀ ਦੀ ਧਾਰਨਾ ਦੀ ਅਤਿਅੰਤ ਲੋੜ ਮਹਿਸੂਸ ਹੋਣ ਲਗੀ। ਸਿੱਖ ਧਰਮ ਵਿਚ ਵੀਰ ਰਸ ਪ੍ਰਵਿਰਤੀ ਦਾ ਵਿਕਾਸ ਹੋਇਆ ਅਤੇ ਸਿੱਖ ਸਿਰਫ਼ ਸੰਤ ਹੀ ਨਾ ਰਿਹਾ ਸਗੋਂ ਸਿਪਾਹੀ ਵੀ ਬਣ ਗਿਆ।

ਗੁਰੂ ਅਰਜਨ ਦੇਵ ਜੀ ਉਹ ਮਹਾਨ ਗੁਰੂ ਸਨ ਜਿਨ੍ਹਾਂ ਨੇ ਲੋਕਾਂ ਨੂੰ ਸਮਾਜਿਕ ਕਲਿਆਣ ਅਤੇ ਪਰਮਾਰਥ ਦੇ ਮਾਰਗ ਉੱਤੇ ਨਵੀਂ ਰੋਸ਼ਨੀ ਪਾਈ। ਉਹ ਮਹਾਨ ਗੁਰੂ ਸਨ ਜਿਨ੍ਹਾਂ ਦੀ ਬਾਣੀ ਦੀ ਨਿਰਮਲ ਗੰਗਾ ਨੇ ਭਾਰਤੀ ਸੰਤ ਕਾਵਿ-ਧਾਰਾ ਵਿਚ ਇਕ ਵਿਸ਼ਿਸ਼ਟ ਰਹੱਸ ਅਤੇ ਪ੍ਰਵਾਹਮਈ ਅਨੁਸ਼ਾਸਨੀ ਸ਼ੈਲੀ ਅਤੇ ਸੁੰਦਰਤਾ ਧਾਰਨ ਕੀਤੀ ਹੋਈ ਹੈ। ਕਵੀ ਹੋਣ ਤੋਂ ਇਲਾਵਾ ਉਹ ਇਕ ਮਹਾਨ ਸੰਪਾਦਕ ਵੀ ਸਨ ਜਿਨ੍ਹਾਂ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਤ ਬਾਣੀ ਦਾ ਅਨੋਖਾ ਸੰਗ੍ਰਹਿ ਕਰ ਕੇ ਭਾਰਤੀ ਸੰਸਕ੍ਰਿਤੀ ਉੱਤੇ ਇਕ ਮਹਾਨ ਉਪਕਾਰ ਕੀਤਾ ਹੈ। ਇਸ ਤੋਂ ਵੱਧ ਕੇ ਉਹ ਇਕ ਸੰਗੀਤਕਾਰ ਸਨ ਜਿਨ੍ਹਾਂ ਦੀਆਂ ਸੰਗੀਤਮਈ ਰਚਨਾਵਾਂ ਨਾਲ ਨਾ ਸਿਰਫ਼ ਭਗਤੀ ਸੰਗੀਤ ਸਗੋਂ ਸ਼ਾਸਤਰੀ ਸੰਗੀਤ ਵੀ ਪ੍ਰਸਿੱਧ ਹੋਇਆ।

ਗੁਰੂ ਸਾਹਿਬ ਦੇ ਦਿਲ ਵਿਚ ਜੀਵਨ ਦੇ ਆਰੰਭ ਤੋਂ ਹੀ ਕਾਵਿ-ਸ੍ਰੋਤ ਫੁੱਟ ਪਿਆ ਸੀ ਅਤੇ ਇਸੇ ਕਾਵਿ-ਕਲਾ ਦੇ ਮਹਾਨ ਗੁਣ ਨੂੰ ਵੇਖਦੇ ਹੋਏ ਉਨ੍ਹਾਂ ਨੇ ਨਾਨਾ ਗੁਰੂ ਅਮਰਦਾਸ ਜੀ ਨੇ ਇਕ ਵਾਰ ਕਿਹਾ ਸੀ, "ਦੋਹਿਤਾ ਬਾਣੀ ਦਾ ਬੋਹਿਥਾ" ਅਰਥਾਤ ਮੇਰਾ ਇਹ ਦੋਹਤਾ ਅਧਿਆਤਮਕ ਕਵਿਤਾ ਜਾਂ ਬਾਣੀ ਦਾ ਜਹਾਜ਼ ਹੋਵੇਗਾ। ਉਸ ਮਹਾਂਪੁਰਖ ਦੀ ਇਹ ਬਾਣੀ ਸੱਚ ਸਾਬਤ ਹੋਈ।"[1]

ਅਮਰੀਕਾ ਦੇ ਮਸ਼ਹੂਰ ਵਿਦਵਾਨ ਬੇਲੀ ਨੇ ਕਿਹਾ ਹੈ ਕਿ ਕਵਿਤਾ ਰੱਬ ਦੀ ਆਪਣੀ ਚੀਜ਼ ਹੈ, ਉਸ ਨੇ ਇਸੇ ਲਈ ਆਪਣੇ ਪੈਗੰਬਰਾਂ ਨੂੰ ਕਵੀ ਬਣਾਇਆ ਹੈ। ਜਿੰਨਾ ਹੀ ਵੱਧ ਅਸੀਂ ਕਵਿਤਾ ਨੂੰ ਸਮਝਾਂਗੇ ਉਨਾ ਹੀ ਅਸੀਂ ਪ੍ਰੇਮ ਅਤੇ ਸ਼ਕਤੀ ਨਾਲ ਪਰਮਾਤਮਾ ਦੀ ਤਰ੍ਹਾਂ ਹੁੰਦੇ ਜਾਵਾਂਗੇ।[2]

ਸਤਿਗੁਰਾਂ ਦਾ ਵੀ ਇਹੀ ਵਿਚਾਰ ਸੀ, ਤਾਂ ਹੀ ਉਨ੍ਹਾਂ ਨੇ ਕਿਹਾ, " ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਿਟਾਈ ।"

ਆਪ ਜਿੰਨੇ ਵੱਡੇ ਮਹਾਨ ਸੰਤ ਸਨ ਉਤਨੇ ਹੀ ਵੱਡੇ ਕਲਾਕਾਰ ਵੀ ਸਨ। ਆਪ ਦੀ ਅਨੁਪਮ ਪ੍ਰਤਿਭਾ, ਅਲੌਕਿਕ ਅਨੁਭਵ, ਵਿਚਾਰਾਂ ਦੀ ਸੂਖਮਤਾ, ਸੰਗੀਤਮਈ ਮਿਠਾਸ ਅਤੇ ਸਿੱਧਾ-ਸਾਦਾ ਸੰਵੇਦਨਸ਼ੀਲ ਵਰਣਨ ਔਲਕਿਕ ਕਿਸਮ ਦਾ ਹੈ।[3]

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਰਚਨਾਵਾਂ ਨੂੰ ਵੇਖਦੇ ਹੋਏ ਉਨ੍ਹਾਂ ਦਾ ਸੰਗੀਤ ਸੰਬੰਧੀ ਗਿਆਨ ਪੂਰਨ ਤੌਰ ਤੇ ਪ੍ਰਮਾਣਿਕ ਸਿੱਧ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਸੰਗੀਤ ਦੇ ਚੰਗੇ ਜਾਣਕਾਰ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਸਮੇਂ ਹਰੇਕ ਬਾਣੀ ਨੂੰ

ਸੰਗੀਤ ਦੀਆਂ ਸੀਮਾਵਾਂ ਵਿਚ ਬੰਨ੍ਹ ਕੇ ਬੀੜ ਵਿਚ ਚੜ੍ਹਾਇਆ ਹੈ। ਬਾਣੀ ਰਚਦੇ ਸਮੇਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਸਮੇਂ ਗੁਰੂ ਜੀ ਦੁਆਰਾ ਅਨੇਕ ਪ੍ਰਕਾਰ ਦੀਆਂ ਸੰਗੀਤਕ ਸ਼ੈਲੀਆਂ ਦਾ ਤਾਲਮੇਲ, ਸਮੇਂ ਅਤੇ ਰਿਤੂਆਂ ਦੀ ਪਾਬੰਦੀ, ਜਾਤੀਆਂ, ਪ੍ਰਦੇਸ਼ਾਂ ਅਤੇ ਸੰਸਕ੍ਰਿਤੀਆਂ ਦੇ ਵਿਚ ਤਾਲਮੇਲ ਕਾਇਮ ਰੱਖਣ ਦੀ ਪ੍ਰਵਿਰਤੀ, ਰਹਾਉ ਦਾ ਪ੍ਰਯੋਗ, ਧੁਨਾਂ, ਘਰਾਂ ਦੀ ਵਿਸ਼ੇਸ਼ ਵਿਧੀ ਆਦਿ ਅਨੇਕ ਵਿਸ਼ੇਸ਼ਤਾਈਆਂ ਉਨ੍ਹਾਂ ਦੀ ਸੰਗੀਤ ਪ੍ਰਬੀਨਤਾ ਦਾ ਪ੍ਰਮਾਣ ਹੈ।[4]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਸੰਗੀਤ-ਸ਼ਰਧਾ ਕਲਾਤਮਕ ਦ੍ਰਿਸ਼ਟੀ ਤੋਂ ਨਿਪੁੰਨ ਹੈ ਅਤੇ ਸਮਕਾਲੀਨ ਭਗਤਾਂ,ਸੰਤਾਂ ਨਾਲ ਇਸ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

ਉਨ੍ਹਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ ਅਨੁਸਾਰ ਕੀਤਾ ਸੰਪਾਦਨ ਹੀ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਸੰਗੀਤ ਨੂੰ ਉਨਾਂ ਦੀ ਕਾਵਿ-ਭੂਮੀ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਸੀ।ਗੁਰੂ ਅਰਜਨ ਦੇਵ ਜੀ ਦੇ ਵਲੋਂ ਕੁਝ ਵਾਰਾਂ ਦੇ ਉੱਤੇ ਧੁਨੀਆਂ ਦਾ ਚੜ੍ਹਾਇਆ ਜਾਣਾ ਉਨ੍ਹਾਂ ਦਾ ਲੋਕ-ਧਾਰਨਾ ਨਾਲ ਗੂੜ੍ਹਾਂ ਸੰਬੰਧ ਸਥਾਪਿਤ ਕਰਦਾ ਹੈ। ਗੁਰਮਤਿ ਸੰਗੀਤ ਦਾ ਸ਼ਾਸਤਰੀ ਅਤੇ ਦੇਸੀ ਸੰਗੀਤ ਨਾਲ ਸੁਮੇਲ ਹੈ ਅਤੇ ਇਸ ਦਾ ਮੂੰਹ ਲੋਕ-ਧਾਰਨਾ ਵੱਲ ਹੈ।

ਗੁਰੂ ਅਰਜਨ ਦੇਵ ਜੀ ਦੀ ਸੰਗੀਤ ਨਿਪੁੰਨਤਾ ਦੇ ਵਿਸ਼ੇ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਉਨ੍ਹਾਂ ਦੀ ਸੰਗੀਤ ਵਿੱਦਿਆ ਦੀ ਜਾਣਕਾਰੀ ਦਾ ਇਸ ਤੱਥ ਤੋਂ ਵੀ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਲਗਭਗ ਤੀਹ ਰਾਗਾਂ ਵਿਚ ਆਪਣੀ ਰਚਨਾ ਕੀਤੀ ਹੈ। ਫਿਰ ਇਨ੍ਹਾਂ ਰਾਗਾਂ ਵਿਚ ਉਚਾਰਣ ਕੀਤੇ ਗਏ ਗੀਤਾਂ ਅਤੇ ਭਜਨਾਂ ਉੱਤੇ ਇਕ ਤੋਂ ਲੈ ਕੇ 17 ਤਾਲ ਜਾਂ ਘਰ ਦਾ ਵੀ ਸੰਕੇਤ ਮਿਲਦਾ ਹੈ।ਇਸ ਤੋਂ ਭਾਵ ਹੈ ਕਿ ਇਹ ਭਜਨ ਜਾਂ ਛੰਦ ਕਿਸ ਤਾਲ ਵਿਚ ਗਾਇਆ ਜਾਣਾ ਹੈ। ਸੰਗੀਤਕਾਰ ਜਾਣਦੇ ਹਨ ਕਿ ਤਿੰਨ ਜਾਂ ਚਾਰ ਤਾਲ ਤੋਂ ਉੱਤੇ ਦਾ ਗਾਇਨ ਕਿੰਨਾ ਔਖਾ, ਨਿਰੰਤਰ ਅਤੇ ਦੀਰਘ ਅਭਿਆਸ ਦਾ ਕੰਮ ਹੈ। ਗੁਰੂ ਸਾਹਿਬ ਕਲਾ ਦੀਆਂ ਇਨ੍ਹਾਂ ਗਹਿਰਾਈਆਂ ਨਾਲ ਚੰਗੀ ਤਰ੍ਹਾਂ ਜਾਣੂ ਸਨ ਅਤੇ ਇਸ ਦਾ ਪ੍ਰਭਾਵ ਉਨ੍ਹਾਂ ਦੀ ਬਾਣੀ ਵਿਚ ਮਿਲਦਾ ਹੈ। ਜੇਕਰ ਅਸੀਂ ਗੁਰੂ ਜੀ ਦੀ ਬਾਣੀ ਨੂੰ ਇਸ ਦ੍ਰਿਸ਼ਟੀ ਨਾਲ ਵੇਖੀਏ ਤਾਂ ਨਿਰਸੰਦੇਹ ਇਸ ਨੂੰ "ਗੀਤ ਕਾਵਿ" ਆਖ ਸਕਦੇ ਹਾਂ ਜਿਸ ਵਿਚ ਡੂੰਘੀ ਭਾਵੁਕਤਾ ਆਪਣਾ ਰੰਗ ਲੈ ਕੇ ਅਨੂਠੀ ਵੀਣਾ ਨੂੰ ਗੁੰਜਾਊ ਕੀਤਾ ਹੋਇਆ ਹੈ।[5]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਸੰਗੀਤ ਕਲਾ ਦੇ ਬਹੁਪੱਖੀ ਪਾਰਖੂ ਗਿਆਤਾ ਸਨ। ਉਹ ਨਾ ਸਿਰਫ਼ ਇਕ ਸੰਗੀਤ ਗਿਆਤਾ ਸਨ ਸਗੋਂ ਕੁਸ਼ਲ ਗਾਇਕ ਵੀ ਸਨ। ਉਨ੍ਹਾਂ ਨੇ ਆਪ ਖ਼ੁਦ ਬਾਣੀ ਦਾ ਗਾਇਨ ਕਰਕੇ ਅਤੇ ਸਿੱਖਾਂ ਨੂੰ ਗਾਇਨ ਲਈ ਉਤਸ਼ਾਹਿਤ ਕਰਕੇ ਕੀਰਤਨ ਦੀ ਇਕ ਨਵੀਂ ਰੀਤ ਦਾ ਆਰੰਭ ਕੀਤਾ।

**ਹਵਾਲੇ ਤੇ ਟਿੱਪਣੀਆਂ**

1. ਬਾਣੀ ਗੁਰੂ ਅਰਜਨ ਦੇਵ, ਪਿਆਰਾ ਸਿੰਘ ਪਦਮ, ਪੰਨਾ 12.
2. ਗੁਰੂ ਅਰਜਨ ਜੀਵਨ ਤੇ ਰਚਨਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 144.
3. ਬਾਣੀ ਗੁਰੂ ਅਰਜਨ ਦੇਵ, ਪਿਆਰਾ ਸਿੰਘ ਪਦਮ, ਪੰਨਾ 12, 13
4. ਗੁਰੂ ਅਰਜਨ ਦੇਵ ਜੀਵਨ ਤੇ ਰਚਨਾ, ਗੁਰਸ਼ਰਨ ਕੌਰ ਜੱਗੀ, ਪੰਨਾ 110.
5. ਬਾਣੀ ਗੁਰੂ ਅਰਜਨ ਦੇਵ, ਪਿਆਰਾ ਸਿੰਘ ਪਦਮ, ਪੰਨਾ 24.

**ਸੰਗੀਤ ਵਿਭਾਗ, ਖ਼ਾਲਸਾ ਕਾਲਜ ਫਾਰ ਵਿਮਨ, ਅੰਮ੍ਰਿਤਸਰ।**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਗੁਰੂ ਮੇਰੈ ਸੰਗਿ ਸਦਾ ਹੈ ਨਾਲੇ

ਸਤਨਾਮ ਕੌਰ (ਮੋ: 09819793357)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬੜੀ ਦਰਦਨਾਕ ਸ਼ਹੀਦੀ ਹੈ। ਸੰਸਾਰ ਵਿਚ ਇਹ ਇਕੋ ਮਿਸਾਲ ਹੈ।

**ਆਉ ਅੱਖਾਂ ਬੰਦ ਕਰੀਏ:**

ਉਸ ਸੀਨ ਨੂੰ ਅੱਖਾਂ ਸਾਹਮਣੇ ਲਿਆਈਏ ਤਾਂ ਅਸੀਂ ਮਹਿਸੂਸ ਕਰਾਂਗੇ ਕਿ ਸਾਡੇ ਗੁਰੂਆਂ ਨੇ ਸੱਚ ਦੀ ਖਾਤਰ ਕੀ ਕੀ ਤਸੀਹੇ ਝੱਲੇ। ਇਸ ਸ਼ਹੀਦੀ ਨੂੰ ਉਸ ਵਕਤ ਜਿਹਨਾਂ ਨੇ ਵੇਖਿਆ ਉਹ ਕੁਰਲਾ ਉੱਠੇ। ਇਥੋਂ ਤਕ ਕਿ ਕੁਦਰਤ ਵੀ ਇਸ ਨੂੰ ਸਹਨ ਨਹੀਂ ਕਰ ਸਕੀ।

**ਗੁਰੂ ਅਰਜਨ ਦੇਵ ਜੀ ਦੇ ਲੋਕ ਭਲਾਈ ਦੇ ਕੰਮ**

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਕਿਹੜੇ ਕਿਹੜੇ ਕੰਮ ਕੀਤੇ ਉਸ ਦੇ ਵਿਚਾਰ ਕਰੀਏ ਅਤੇ ਆਪਣੇ ਜੀਵਨ ਲਈ ਪ੍ਰੇਰਣਾ ਲਈਏ:

1. ਸੰਸਾਰ ਦੀ ਭਲਾਈ ਲਈ ਗੁਰੂ ਜੀ ਨੇ ਜੋ ਅਦੁੱਤੀ ਕੰਮ ਕੀਤਾ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ। ਇਹ ਬਾਣੀ ਇਕ ਐਸਾ ਅਮੋਲਕ ਖਜ਼ਾਨਾ ਹੈ ਜੋ ਸਾਰੇ ਸੰਸਾਰ ਨੂੰ ਪ੍ਰਭੂ ਪਿਆਰ ਦਾ ਸੰਦੇਸ਼ ਦਿੰਦਾ ਹੈ। ਆਪ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਬਹੁਤ ਕੁਝ ਜਾਣਕੇ ਹੋਵੋਗੇ। ਮੇਰੇ ਖਿਆਲ ਵਿਚ ਹਰ ਇਨਸਾਨ ਦੇ ਹਰ ਸਵਾਲ ਦਾ ਜਵਾਬ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਮੈਂ ਆਪਣੇ ਜੀਵਨ ਵਿਚ ਮਹਿਸੂਸ ਕੀਤਾ ਹੈ ਕਿ ਹਰੇਕ ਸਿੱਖ ਨੂੰ ਆਪਣੇ ਜੀਵਨ ਵਿਚ ਘਟ ਤੋਂ ਘਟ ਇਕ ਵਾਰੀ ਤਾਂ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਮਨ ਨਾਲ ਕਰਨਾ ਚਾਹੀਦਾ ਹੈ। ਇਸ ਨਾਲ ਮਨ ਦੇ ਸਾਰੇ ਸ਼ੰਕੇ ਦੂਰ ਹੁੰਦੇ ਹਨ ਅਤੇ ਇਕ ਅਦਭੁੱਤ ਆਨੰਦ ਮਿਲਦਾ ਹੈ। ਵਾਹਿਗੁਰੂ ਜੀ ਦੀ ਨੇੜਤਾ ਪ੍ਰਾਪਤ ਹੁੰਦੀ ਹੈ।
2. ਗੁਰੂ ਜੀ ਦਾ ਦੂਸਰਾ ਮਹਾਨ ਕੰਮ

   ਹਰਿਮੰਦਰ ਸਾਹਿਬ ਬਣਵਾਇਆ ਜਿੱਥੇ ਦਿਨ-ਰਾਤ ਕੀਰਤਨ ਚਾਲੂ ਕੀਤਾ। ਇਹ ਰਾਤ-ਦਿਨ ਕੀਰਤਨ ਸਾਡੇ ਵਾਸਤੇ ਇਕ ਇਸ਼ਾਰਾ ਹੈ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਸਮਾਂ ਕੀਰਤਨ ਵਿਚ ਗੁਜਾਰੀਏ। ਕੀਰਤਨ ਦਾ ਮਤਲਬ ਹੈ-ਕੀਰਤ ਕਰਨੀ, ਉਸਤਤ ਕਰਨੀ : To praise the Lord
3. ਤੀਸਰਾ ਮਹਾਨ ਕੰਮ

   ਇਕ ਵਾਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਕਿਸੇ ਕਾਰਨ ਨਾਰਾਜ਼ ਹੋ ਗਏ ਅਤੇ ਕੀਰਤਨ ਕਰਨ ਨ ਆਏ। ਉਸ ਵਕਤ ਗੁਰੂ ਅਰਜਨ ਦੇਵ ਜੀ ਨੇ ਸੰਗਤ ਨੂੰ ਆਗਿਆ ਦਿੱਤੀ ਕਿ ਤੁਸੀਂ ਸਾਰੇ ਰਲ ਕੇ ਕੀਰਤਨ ਕਰੋ। ਗੁਰੂ ਜੀ ਨੇ ਆਪ ਸੰਗਤ ਨੂੰ ਕੀਰਤਨ ਸਿਖਾਉਣ ਵਿਚ ਮਦਦ ਕੀਤੀ। ਇਸ ਤਰ੍ਹਾਂ ਸੰਗਤੀ ਕੀਰਤਨ ਕਰਨ ਦੀ ਸ਼ੁਰੂਆਤ ਹੋਈ।
4. ਚੌਥਾ ਮਹਾਨ ਕੰਮ

   ਗੁਰੂ ਜੀ ਨੇ ਦਸਵੰਦ ਦਾ ਸਿਸਟਮ ਚਾਲੂ ਕੀਤਾ। ਹਰੇਕ ਸਿੱਖ ਘਰਾਨਾ ਆਪਣੀ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਧਰਮ ਕਾਰਜਾਂ ਲਈ ਕੱਢੇ।
5. ਜਦੋਂ ਲਾਹੌਰ ਸ਼ਹਿਰ ਵਿਚ ਕਾਲ ਪਿਆ ਤਾਂ ਗੁਰੂ ਜੀ ਨੇ ਲਾਹੌਰ ਪਹੁੰਚ ਕੇ ਕਾਲ ਪੀੜਿਤਾਂ ਦੀ ਬਹੁਤ ਸੇਵਾ ਕੀਤੀ ਅਤੇ

ਉਹਨਾਂ ਨੂੰ ਜੀਵਨ ਦਾਨ ਦਿੱਤਾ।

6. ਉਸ ਸਮੇਂ ਪੰਜਾਬ ਵਿਚ ਪਾਣੀ ਦੀ ਬਹੁਤ ਤਕਲੀਫ ਸੀ ਗੁਰੂ ਜੀ ਨੇ ਬਹੁਤ ਥਾਵਾਂ 'ਤੇ ਖੂਹ ਖੁਦਵਾਏ। ਛੇਹਰਟਾ ਦਾ ਖੂਹ ਬਹੁਤ ਪ੍ਰਸਿੱਧ ਹੈ।
7. ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਸੇਵਾ : ਜਦੋਂ ਗੁਰੂ ਅਰਜਨ ਦੇਵ ਜੀ ਨੂੰ ਪਤਾ ਲਗਦਾ ਸੀ ਕਿ ਸੰਗਤ ਦੂਰੋਂ ਆ ਰਹੀ ਹੈ, ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਲਈ ਤਾਂ ਆਪ ਉਹਨਾਂ ਦੀ ਖਿਦਮਦ ਵਾਸਤੇ ਪਹਿਲਾਂ ਹੀ ਪਹੁੰਚ ਜਾਂਦੇ। ਆਪ ਸੰਗਤ ਨੂੰ ਲੰਗਰ ਛਕਾਂਦੇ, ਜਲ ਦੀ ਸੇਵਾ ਕਰਦੇ। ਰਾਤੀਂ ਸੰਗਤ ਦੀ ਮੁੱਠੀ-ਚਾਪੀ ਕਰਦੇ-ਪੱਖਾ ਝੱਲਦੇ ਅਤੇ ਫਿਰ ਵਾਪਸ ਅੰਮ੍ਰਿਤਸਰ ਆ ਜਾਂਦੇ। ਕਿਸੇ ਨੂੰ ਆਪਣੀ ਹੋਂਦ ਦਾ ਪਤਾ ਵੀ ਨਾ ਲੱਗਣ ਦਿੰਦੇ।

ਇਸ ਤੋਂ ਇਲਾਵਾ

- ਬੀਮਾਰਾਂ ਲਈ ਹਸਪਤਾਲ ਖੋਲ੍ਹੇ
- ਮੁਰਦਿਆਂ ਦੇ ਸਸਕਾਰ ਦਾ ਪ੍ਰਬੰਧ ਕੀਤਾ
- ਭੁੱਖਿਆਂ ਅਤੇ ਲੋੜਵੰਦਾਂ ਲਈ ਲੰਗਰ ਚਲਾਏ।
- ਨਵਾਂ-ਸ਼ਹਿਰ ਤਰਨ ਤਾਰਨ ਵਸਾਇਆ

ਗੁਰੂ ਜੀ ਨੇ ਇਸ ਤਰ੍ਹਾਂ ਲੋਕਾਈ ਦੇ ਭਲੇ ਦੇ ਬੇਸ਼ੁਮਾਰ ਕੰਮ ਕੀਤੇ ਜੋ ਬਿਆਨ ਨਹੀਂ ਕੀਤੇ ਜਾ ਸਕਦੇ। ਸਾਨੂੰ ਇਹਨਾਂ ਮਹਾਨ ਕੰਮਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਮੈਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਹੇਠ ਲਿਖੀਆਂ ਪੰਕਤੀਆਂ ਬਹੁਤ ਆਕਸ਼ਤ ਕਰਦੀਆਂ ਹਨ:

- ਬਿਸਰਿ ਗਈ ਸਭ ਤਾਤਿ ਪਰਾਈ। (1299)
- ਬਿਰਖੈ ਹੇਠਿ ਸਭਿ ਜੰਤ ਇਕਠੇ (1019)
  ਇਕ ਤਤੇ, ਇਕ ਬੋਲਨਿ ਮਿੱਠੇ
- ਉਲਾਹਨੋ ਮੈਂ ਕਾਹੂ ਨ ਦੀਓ, ਮਨ ਮੀਠ ਤੁਹਾਰੋ ਕੀਓ। (978)
- ਗੁਰੂ ਮੇਰੇ ਸੰਗ ਸਦਾ ਹੈ ਨਾਲੇ (394)

ਇਹ ਵਿਸਮਾਦ ਮਈ ਪੰਕਤੀ ਮੇਰੇ ਪਿਤਾ ਜੀ ਨੇ ਮੈਨੂੰ ਬਹੁਤ ਛੋਟੀ ਉਮਰ ਵਿਚ ਸਿਖਾਈ ਸੀ। ਇਸ ਪੰਕਤੀ ਨੇ ਮੇਰੀ ਸਾਰੀ ਉਮਰ ਵਿਚ ਜੋ ਜੋ ਚਮਤਕਾਰ ਕੀਤੇ ਹਨ ਉਹ ਬਿਆਨ ਨਹੀਂ ਕੀਤੇ ਜਾ ਸਕਦੇ। ਉੱਚੇ ਤੋਂ ਉੱਚੇ ਸਿਖਰ ਵਿਖਾਏ ਹਨ ਇਸ ਚਮਤਕਾਰੀ ਪੰਕਤੀ ਨੇ। ਅੰਤ ਵਿਚ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਇਹ ਆਨੰਦਮਈ ਪੰਕਤੀ ਮੈਨੂੰ ਮੇਰੇ ਅੰਤਮ ਸਵਾਸ ਤਕ ਯਾਦ ਰਹੇ।


# ਵਿਦੇਸ਼ੀ ਪਾਠਕਾਂ ਨੂੰ ਬੇਨਤੀ

ਹੁਣ ਆਪ ਜੀ ਅੰਮ੍ਰਿਤ ਕੀਰਤਨ ਵੈਬਸਾਈਟ www.amritkirtan.com ਉਪਰ ਪੜ੍ਹ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਡਾਕ ਰਾਹੀਂ ਮੈਗਜ਼ੀਨ ਮੰਗਵਾਉਣਾ ਬੰਦ ਕਰਕੇ ਟ੍ਰਸਟ ਦਾ ਕਾਫੀ ਖਰਚਾ ਬਚਾ ਸਕਦੇ ਹੋ।

# ਸਿੱਖੀ ਦੇ ਪ੍ਰਚਾਰ ਲਈ ਪੰਜਾਬੀ ਯੂਨੀਵਰਸਿਟੀ ਦੀ ਇਕ ਅਦੁੱਤੀ ਪਹਿਲ

**ਤਰਲੋਚਨ ਸਿੰਘ**

ਅੱਜ ਸਿੱਖ ਵਿਸ਼ਵ ਦੇ ਹਰ ਦੇਸ਼ ਵਿਚ ਵਸ ਰਿਹਾ ਹੈ। ਉਸ ਦੀ ਸਭ ਤੋਂ ਵੱਡੀ ਸਮੱਸਿਆ ਜੋ ਪਹਿਲਾਂ ਪੈਸਾ ਕਮਾਉਣ ਦੀ ਸੀ, ਅੱਜ ਬੱਚਿਆਂ ਨੂੰ ਸਿੱਖ ਵਿਰਾਸਤ ਨਾਲ ਜੋੜਨ ਦੀ ਹੈ। ਪੰਜਾਬੀ ਬੋਲੀ ਦਾ ਵਿਕਾਸ ਵੀ ਵੱਡੀ ਔਕੜ ਹੈ। ਅੰਗਰੇਜ਼ੀ ਬੋਲਣ ਵਾਲੇ ਸਿੱਖ ਪ੍ਰਚਾਰਕ ਨਹੀਂ ਹਨ। ਸਿੱਖ ਹੁਣ ਅਮੀਰ ਹਨ, ਉਸ ਕੋਲ ਸਾਧਨ ਹਨ ਪਰ ਅੱਜ ਦੇ ਯੁੱਗ ਦੇ ਵਾਤਾਵਰਨ ਵਿਚ ਸਿੱਖ ਬੱਚਿਆਂ ਦੀਆਂ ਧਾਰਮਿਕ ਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਮੈਂ ਜਦ ਵੀ ਵਿਦੇਸ਼ ਜਾਂਦਾ ਹਾਂ, ਹਰ ਗੁਰਦੁਆਰੇ ਵਿਚ ਕਹਿੰਦਾ ਹਾਂ ਕਿ ਮਾਡਰਨ ਟੈਕਨਾਲੋਜੀ ਨੂੰ ਵਰਤਣ ਦੇ ਤਰੀਕੇ ਸਿੱਖੋ। ਕੰਪਿਊਟਰ, ਇੰਟਰਨੈੱਟ, ਲੈਪਟਾਪ ਦੀ ਵਰਤੋਂ ਹਰ ਵਿਦਿਆਰਥੀ ਕਰਦਾ ਹੈ। ਇਸ ਰਾਹੀਂ ਸਿੱਖ ਸਿਧਾਂਤ ਤੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੀ ਪ੍ਰਾਪਤੀ ਦੇ ਯਤਨ ਹੋਣੇ ਚਾਹੀਦੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਧਾਈ ਦੀ ਪਾਤਰ ਹੈ ਕਿ ਵਿਸ਼ਵ ਵਿਚ ਪਹਿਲੀ ਵਾਰ ਗੁਰਮਤਿ ਗਿਆਨ ਨੂੰ ਆਨਲਾਈਨ ਕਰਕੇ ਜਸ ਖੱਟਿਆ ਹੈ। ਪਟਿਆਲਾ ਵਿਚ 7 ਅਪ੍ਰੈਲ ਨੂੰ ਇਕ ਉਚੇਚੇ ਸਮਾਗਮ ਵਿਚ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਨੇ ਇਸ ਅੰਤਰਰਾਸ਼ਟਰੀ ਸੁਵਿਧਾ ਦਾ ਉਦਘਾਟਨ ਕੀਤਾ। ਇਸ ਇਤਿਹਾਸਕ ਕਾਰਜ ਲਈ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਦਾ ਗੁਰਮਤਿ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਕੰਮ ਕਰ ਰਹੇ ਸਨ। ਡਾ. ਗੁਰਨਾਮ ਸਿੰਘ, ਜੋ ਇਸ ਦੇ ਮੁਖੀ ਹਨ, ਨੇ ਵਿਸਥਾਰ ਨਾਲ ਇਹ ਪ੍ਰੋਗਰਾਮ ਪੇਸ਼ ਕੀਤਾ – ਮੁੱਖ ਨਿਸ਼ਾਨੀ ਵਜੋਂ ਵਿਦੇਸ਼ਾਂ ਵਿਚ ਹਰ ਥਾਂ ਬੈਠੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਨੂੰ ਆਨਲਾਈਨ ਸਹੂਲਤ ਮੁਹੱਈਆ ਕਰ ਦਿੱਤੀ ਗਈ ਹੈ। ਮੈਂ ਉਥੇ ਕਈ ਜਾਣਕਾਰੀ ਪ੍ਰਾਪਤ ਕੀਤੀਆਂ ਕਿ ਕਿਵੇਂ ਲਾਭ ਮਿਲ ਸਕੇਗਾ। ਪਹਿਲਾਂ ਤਾਂ ਪੰਜਾਬੀ ਪੜ੍ਹਾਈ ਜਾਵੇਗੀ, ੳ ਅ ੲ ਤੋਂ ਆਰੰਭ ਕਰਕੇ ਕੋਈ ਵੀ ਬਿਨਾਂ ਅਧਿਆਪਕ ਤੋਂ ਪੜ੍ਹ ਸਕੇਗਾ। ਇਥੋਂ ਤੱਕ ਵੀ ਸਹੂਲਤ ਹੈ ਕਿ ਜੋ ਕੋਈ ਚਾਹੇ, ਆਪ ਕੀਰਤਨ ਕਰਨਾ ਸਿੱਖ ਸਕੇਗਾ, ਕੰਪਿਊਟਰ 'ਤੇ ਤੁਹਾਡੇ ਸਾਹਮਣੇ ਹਾਰਮੋਨੀਅਮ ਆ ਜਾਵੇਗਾ, ਸੁਰਾਂ ਦੀ ਵਰਤੋਂ ਸਿੱਖਣਾ ਆਸਾਨ ਹੈ। ਤੁਸੀਂ ਫਿਲਮ ਵਾਂਗੂੰ ਹਰ ਗੱਲ ਆਪ ਸਿੱਖ ਜਾਓਗੇ। ਇਸ ਸਾਰੇ ਪ੍ਰੋਗਰਾਮ ਦੇ ਕਈ ਹਿੱਸੇ ਹਨ। ਸਿੱਖ ਧਰਮ, ਸਿੱਖ ਮਰਿਆਦਾ, ਬਾਣੀ ਦਾ ਸ਼ੁੱਧ ਉਚਾਰਨ, ਕੀਰਤਨ, ਅਰਦਾਸ, ਹੁਕਮਨਾਮਾ ਆਦਿ ਗੁਰਮਤਿ ਤੇ ਗੁਰਦੁਆਰਾ ਮਰਿਆਦਾ ਸੁਖੈਨ ਰੂਪ ਵਿਚ ਸਮਝਾਈ ਗਈ ਹੈ। ਮੈਂ ਇਹ ਜਾਣਦਾ ਹਾਂ ਕਿ ਵਿਸ਼ਵ ਪੱਧਰ 'ਤੇ ਇੰਟਰਨੈੱਟ ਦਾ ਬੋਲਬਾਲਾ ਹੈ ਤੇ ਸਿੱਖ ਵੀ ਇਹ ਵਰਤਦੇ ਹਨ ਪਰ ਇਸ ਰਾਹੀਂ ਹੁਣ ਸਿੱਖ ਧਰਮ ਦੀ ਹਰ ਸ਼ਾਖਾ ਇਸ ਦਾ ਹਿੱਸਾ ਬਣ ਗਈ ਹੈ, ਕੇਵਲ ਤੁਸੀਂ ਕੁਨੈਕਸ਼ਨ ਜੋੜਨਾ ਹੈ।

ਹਰ ਗੁਰਦੁਆਰਾ ਇਸ ਦੀ ਵਰਤੋਂ ਕਰਕੇ ਸੰਗਤਾਂ ਨੂੰ ਜਾਣਕਾਰੀ ਦੇਵੇ। ਗੁਰਦੁਆਰੇ ਅੰਦਰ ਸਿੱਖ ਬੱਚਿਆਂ ਦਾ ਕੈਂਪ ਲਗਾ ਕੇ ਉਨ੍ਹਾਂ ਨੂੰ ਵਰਤੋਂ ਕਰਨ ਦੀ ਟ੍ਰੇਨਿੰਗ ਦਿਓ। ਬਿਨਾਂ ਕਿਸੇ ਫੀਸ ਤੋਂ ਭਾਵ ਮੁਫਤ ਹਰ ਕੋਈ ਐਲੀਮੈਂਟਰੀ ਕੋਰਸ ਕਰ ਸਕੇਗਾ। ਹਰ ਵਿਸ਼ੇ ਦੀ ਸਿਖਲਾਈ ਲੈਣੀ ਅਸਾਨ ਹੈ। ਇਸ ਪ੍ਰੋਗਰਾਮ ਵਿਚ ਸਿੱਖ ਟੀਚਰਜ਼ ਜਾਂ ਮਿਸ਼ਨਰੀ ਵੀ ਤਿਆਰ ਕੀਤੇ ਜਾ ਸਕਦੇ ਹਨ। ਯੂਨੀਵਰਸਿਟੀ ਤੁਹਾਨੂੰ ਰਜਿਸਟਰਡ ਕਰ ਲਵੇਗੀ, ਆਨਲਾਈਨ ਇਮਤਿਹਾਨ ਹੋ ਸਕਣਗੇ। ਉਥੇ ਬੈਠੇ ਪੰਜਾਬੀ ਯੂਨੀਵਰਸਿਟੀ ਦਾ ਸਿਲੇਬਸ ਪੜ੍ਹੋ ਤੇ ਫਿਰ ਸਟੱਡੀਜ਼ ਦੀ ਸਹੂਲਤ ਆਨਲਾਈਨ ਲੈ ਕੇ ਡਿਗਰੀ ਪ੍ਰਾਪਤ ਕਰੋ। ਹਰ ਵਿਦੇਸ਼ ਦੇ ਗੁਰਦੁਆਰੇ ਨੂੰ ਅੰਗਰੇਜ਼ੀ ਪੜ੍ਹੇ ਵਿਦਵਾਨਾਂ ਦੀ ਲੋੜ ਹੈ। ਇਸ ਪ੍ਰੋਗਰਾਮ ਰਾਹੀਂ ਤੁਸੀਂ ਪੀ.ਐਚ.ਡੀ. ਦੀ ਡਿਗਰੀ ਵੀ ਲੈ ਸਕਦੇ ਹੋ। ਅੱਜਕਲ੍ਹ ਵੀਡੀਓ ਕਾਨਫਰੰਸ ਦੀ ਬੜੀ ਵਰਤੋਂ ਹੈ। ਉਸ ਰਾਹੀਂ ਯੂਨੀਵਰਸਿਟੀ ਵਿਦੇਸ਼ਾਂ ਵਿਚ ਕਈ ਥਾਂ ਸੈਂਟਰ ਬਣਾ ਕੇ ਵਿਦਿਆਰਥੀਆਂ ਨੂੰ ਪੜ੍ਹਾ ਸਕਦੀ ਹੈ। ਜਿਹੜੀਆਂ ਸਿੱਖ ਚੇਅਰਜ਼ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਹਨ, ਉਨ੍ਹਾਂ ਦਾ ਵੀ ਸੰਪਰਕ ਇਸ ਯੋਜਨਾ ਨਾਲ ਹੋਣਾ ਲਾਜ਼ਮੀ ਹੈ। ਉਨ੍ਹਾਂ ਨੂੰ ਬਿਨਾਂ ਖਰਚੇ ਤੋਂ ਏਨੀ ਸਹਾਇਤਾ ਮਿਲ ਸਕਦੀ ਹੈ। ਸਾਰੇ ਸਿੱਖ ਸਕਾਲਰ ਯੂਨੀਵਰਸਿਟੀ ਨਾਲ ਜੁੜ ਕੇ ਹੋਰ ਸਮੱਗਰੀ ਤਿਆਰ ਕਰ ਸਕਦੇ ਹਨ। ਸਿੱਖ ਚੇਅਰਜ਼ ਦੇ ਵਿਦਿਆਰਥੀ ਵੀਡੀਓ ਕਾਨਫਰੰਸ ਰਾਹੀਂ ਪਟਿਆਲਾ ਦੇ ਵਿਦਿਆਰਥੀਆਂ ਨਾਲ ਜੁੜ ਸਕਣਗੇ। ਇਹ ਵਿਦੇਸ਼ਾਂ ਵਿਚ ਸਿੱਖਾਂ ਦੀ ਮਹਾਨ ਸੇਵਾ ਹੈ, ਜਿਨ੍ਹਾਂ ਇੰਟਰਨੈੱਟ ਨੂੰ ਪਹਿਲਾਂ ਵੀ ਵਰਤੋਂ ਵਿਚ ਲਿਆਂਦਾ ਹੈ। ਬਾਹਰ ਸ਼ਰਧਾਵਾਨ ਸਿੱਖ ਇਸ ਵਿਸ਼ੇ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਹੁਣ ਸਾਰੇ ਮਿਲ ਕੇ ਯੂਨੀਵਰਸਿਟੀ ਦੇ ਇਸ ਉੱਦਮ ਨੂੰ ਵਧੇਰੇ ਵਰਤੋਂ ਵਿਚ ਲਿਆਉਣ ਦੇ ਸੁਝਾਅ ਵੀ ਰੱਖੀਏ।

ਡਾ. ਜਸਪਾਲ ਸਿੰਘ ਆਪ ਅਮਰੀਕਾ, ਕੈਨੇਡਾ ਵਿਚ ਜਾ ਕੇ ਵੇਖ ਆਏ ਹਨ ਕਿ ਕਿਵੇਂ ਅਸੀਂ ਪ੍ਰੋਗਰਾਮ ਚਲਾ ਸਕਦੇ ਹਾਂ। ਉਨ੍ਹਾਂ ਦੀ ਆਪਣੀ ਵਚਨਬੱਧਤਾ ਤੇ ਸਿੱਖੀ ਗਿਆਨ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਕੇ ਸਿੱਖ ਫਿਲਾਸਫੀ ਨੂੰ ਵਿਸ਼ਵ ਭਰ ਵਿਚ ਪਹੁੰਚਾਉਣ ਦਾ ਜੱਸ ਖੱਟੇਗਾ। ਇਸ ਵਕਤ ਹਰ ਸਿੱਖ ਨੂੰ, ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜੀ ਰੱਖਣ ਦਾ ਹਰ ਉਪਰਾਲਾ ਕਰਨ ਦੀ ਲੋੜ ਹੈ। ਅੰਗਰੇਜ਼ੀ ਪਿੱਛੋਂ ਫਰੈਂਚ ਤੇ ਸਪੈਨਿਸ਼ ਭਾਸ਼ਾ ਵਿਚ ਵੀ ਸਾਨੂੰ ਇਹ ਸਹੂਲਤ ਦੇਣੀ ਚਾਹੀਦੀ


## POSITIVE THINKING

- To be kind is more important than to be right because many times people don't need a brilliant mind that speaks but a kind heart that listens.
- A Working Ant is always better than a sleeping elephant like small progress everyday leads us to big results.
- If we exchange one rupee, we have one rupee, but if we both exchange one good thought, we have two good thoughts.
- Flowers blossom even in forests where there no one to admire there beauty. Let us continue our good work honestly even when nobody watches us.

***With best Compliments from a Well Wisher***

(ਗਲਿੰਪਸਿਜ਼ ਆਪ ਸਿਖ ਹਿਸਟਰੀ)

# ਸਿੱਖ ਇਤਿਹਾਸ ਦੀਆਂ ਝਲਕੀਆਂ

## ਕੁਲਦੀਪ ਸਿੰਘ ਧੀਰ

ਧਰਮ ਦਾ ਉਦੇਸ਼ ਸਵੈ ਦੀ ਸੰਪੂਰਨਤਾ ਹਾਸਲ ਕਰਨਾ ਹੈ। ਸੰਪੂਰਨ ਮਨੁੱਖ ਜਾਤੀ ਦਾ ਭਲਾ ਇਸਦਾ ਵਡੇਰਾ ਉਦੇਸ਼ ਹੈ। ਧਰਮ ਬੋਹੜ ਦੇ ਉਹ ਅਣ ਛਾਵੇਂ ਰੁੱਖ ਹਨ ਜੋ ਹਰ ਕਿਸੇ ਨੂੰ ਬਿਨਾਂ ਭੇਦਭਾਵ ਦੇ ਸੁੱਖ ਸ਼ਾਂਤੀ ਤੇ ਛਾਂ ਦੇਣ ਦੇ ਸਮਰਥ ਹਨ। ਕਰਤੇ ਕੇ ਕੇਤੇ ਵੇਸ ਹਨ। ਇਸ ਲਈ ਉਸਦੇ ਨਾਮਾਂ ਦੀ ਗਿਣਤੀ ਅਸੀਮ ਹੈ। ਉਸ ਕਰਤੇ ਦਾ ਆਪਣਾ ਕੋਈ ਮਜ਼ਹਬ ਨਹੀਂ। ਸਰਬਤ ਦਾ ਭਲਾ, ਸੱਚਾਈ, ਹੱਕ ਸੱਚ ਤੇ ਨਿਆਂ ਲਈ ਕੁਰਬਾਨੀ, ਸੇਵਾ, ਸ਼ੁਭ ਗੁਣਾਂ ਦਾ ਗ੍ਰਹਿਣ, ਔਗੁਣਾਂ ਦਾ ਤਿਆਗ, ਰੰਗ/ਨਸਲ/ਜਾਤ/ ਵਰਗ ਤੇ ਬੇਨਿਆਜ਼ ਮਨੁੱਖੀ ਭਾਈਚਾਰਾ, ਨਸ਼ਿਆ ਤੋਂ ਮੁਕਤੀ, ਨਾਰੀ ਦਾ ਸਤਿਕਾਰ, ਸੰਕੀਰਨ ਸੰਪਰਦਾਇਕ ਸੋਚਾਂ ਤੇ ਕਰਮ ਕਾਂਡ ਤੋਂ ਮੁਕਤ ਜੀਵਨ ਵਿਹਾਰ ਸਿੱਖ ਧਰਮ ਦੇ ਉਹ ਮੁੱਖ ਸਿਧਾਂਤ ਹਨ ਜੋ ਇਸਨੂੰ ਅੱਜੋਕੇ ਯੁਗ ਦੇ ਸਰਬ ਸਾਂਝੇ ਜਾਂ ਵਿਸ਼ਵ ਧਰਮ ਦੇ ਰੂਪ ਵਿਚ ਉਭਾਰਦੇ ਹਨ। ਪੱਛਮ ਦੇ ਵਿਕਸਿਤ ਪਦਾਰਥ ਮਾਹੌਲ ਵਿਚ ਘਿਰੇ ਸ੍ਰ: ਰਾਜਿੰਦਰ ਸਿੰਘ ਜਾਲੀ ਨੂੰ ਅੱਜੋਕੇ ਯੁਗ ਵਿਚ ਧਰਮ ਦੇ ਮਹੱਤਵ ਦਾ ਅਹਿਸਾਸ ਵੀ ਹੈ ਅਤੇ ਸਿੱਖ ਧਾਰਮਿਕ ਵਿਰਸੇ ਨੂੰ ਵਿਸ਼ਵ-ਵਿਆਪਕ ਸਵੀਕ੍ਰਿਤੀ ਪ੍ਰਦਾਨ ਕਰਨ ਵਾਲੇ ਸਿਧਾਂਤਕ ਵਿਹਾਰਕ ਤੇ ਇਤਿਹਾਸਕ ਆਧਾਰਾਂ ਦਾ ਵੀ। ਇਸ ਲਈ ਉਸ ਨੇ ਸਿੱਖ ਧਰਮ ਦੇ ਇਹਨਾਂ ਮੁੱਲਵਾਨ ਵੇਰਵਿਆਂ ਨੂੰ ਅੱਜੋਕੇ ਮਨੁੱਖ ਦੀ ਜਾਣਕਾਰੀ ਹਿੱਤ ਵਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਸਿੱਖ ਇਤਿਹਾਸ ਦੀਆਂ ਝਲਕੀਆਂ ਨਾਮ ਦੀ ਇਹ ਪੁਸਤਕ ਰਚੀ ਹੈ।

ਵਿਚਾਰ ਅਧੀਨ ਪੁਸਤਕ ਕੇਵਲ ਇਤਿਹਾਸ ਦੀਆਂ ਝਲਕਾਂ ਨਹੀਂ ਪੇਸ਼ ਕਰਦੀ। ਇਹ ਸਿੱਖ ਧਰਮ ਦੇ ਸਿਧਾਂਤਕ, ਵਿਹਾਰਕ ਵੇਰਵਿਆਂ ਨੂੰ ਵੀ ਪਰਿਚਿਤ ਕਰਵਾਂਦੀ ਹੈ। ਸਿੱਖ ਧਰਮ ਦੀਆਂ ਸੀਮਾਵਾਂ ਨੂੰ ਉਲੰਘ ਕੇ ਧਰਮ ਦੇ ਵਿਸ਼ਵ-ਵਿਆਪਕ ਸਰੂਪ ਦੇ ਮਹੱਤਵ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਤਾਂਘਦੀ ਹੈ ਇਹ ਪੁਸਤਕ। ਵਿਆਪਕ ਮਨੁੱਖੀ ਭਲਾਈ ਦੇ ਉਦੇਸ਼ਾਂ ਦੀ ਪੂਰਤੀ ਲਈ ਲੇਖਕ ਨੇ ਇਸ ਨੂੰ ਇਕ ਭਾਸ਼ੀ ਦੀ ਥਾਂ ਤ੍ਰੈ-ਭਾਸ਼ੀ ਰੂਪ ਦਿੱਤਾ ਹੈ। ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚੋਂ ਕਿਸੇ ਇਕ ਦਾ ਜਾਣਕਾਰ ਪਾਠਕ ਇਸ ਤੋਂ ਲਾਭ ਉਠਾ ਸਕਦਾ ਹੈ। ਗੁਰਮਖੀ, ਦੇਵਨਾਗਰੀ ਅਤੇ ਰੋਮਨ ਤਿੰਨ ਲਿਪੀਆਂ ਵਿਚ ਇਕੋ ਸਮੇਂ ਇਸਦੀ ਸਮੱਗਰੀ ਪ੍ਰਾਪਤ ਹੈ। ਮਿਸ਼ਨਰੀ ਸੇਵਾ ਭਾਵਨਾ ਵਾਲੀ ਸੋਚ ਕਾਰਨ ਲੇਖਕ ਨੇ ਇਸਨੂੰ ਆਪਣੀ ਕਿਰਤ ਕਮਾਈ ਵਿਚੋਂ ਪ੍ਰਕਾਸ਼ਤ ਕਰਦੇ ਹੋਏ ਬਿਨਾਂ ਕਿਸੇ ਲਾਗਤ ਦੇ ਹਰ ਉਸ ਪਾਠਕ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ ਜੋ ਆਪਣੀ, ਆਪਣੇ ਪਰਿਵਾਰ, ਸਮਾਜ ਜਾਂ ਮਨੁੱਖ ਜਾਤੀ ਦੀ ਭਲਾਈ ਬਾਰੇ ਚਿੰਤਤ ਹੈ।

ਮੂਲ ਰੂਪ ਵਿਚ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਧਰਮ ਅਤੇ ਸਿੱਖ ਧਰਮ ਦੇ ਸਵਸਥ ਵਿਸ਼ਵਾਰਥੀ ਸਰੂਪ ਤੋਂ ਸੁਚੇਤ ਕਰਨ ਵਾਲੀ ਹੈ ਇਹ ਪੁਸਤਕ। ਲੇਖਕ ਬੇਲੋੜੇ ਵਿਸਥਾਰ ਦੀ ਥਾਂ ਸੰਖੇਪ, ਗੰਭੀਰ, ਸੰਘਣੀ ਅਤੇ ਪ੍ਰਮਾਣੀਕ ਜਾਣਕਾਰੀ ਦੇਣ ਵੱਲੇ ਰੁਚਿਤ ਹੈ। ਇਸ ਲਈ ਉਸ ਨੇ ਸਮੁੱਚੀ ਜਾਣਕਾਰੀ ਨੂੰ ਧਰਮ ਨਾਲ ਜੁੜੇ ਅਜਿਹੇ ਪ੍ਰਸ਼ਨਾਂ ਦੁਆਲੇ ਸੰਗਠਤ ਕੀਤਾ ਹੈ ਜਿਹੜੇ ਅੱਜ ਦਾ ਮਨੁੱਖ ਆਮ ਪੁੱਛ ਸਕਦਾ ਹੈ। ਇਹ ਪ੍ਰਸ਼ਨ ਧਰਮ/ ਸਿੱਖ ਧਰਮ ਨਾਲ ਸੰਬੰਧਤ ਹਨ। ਸਿੱਖ ਸਿਧਾਂਤਾਂ ਬਾਰੇ ਹਨ।

ਸਿੱਖ ਰਹਿਤ ਮਰਿਆਦਾ ਬਾਰੇ ਹਨ। ਸਿੱਖਾਂ ਦੇ ਬਾਹਰੀ ਸਰੂਪ, ਇਤਿਹਾਸ ਅਤੇ ਸਿਧਾਂਤਾਂ ਨਾਲ ਸੰਬੰਧਤ ਹਨ। ਸਿੱਖ ਵਿਹਾਰ ਅਤੇ ਚਲੰਤ ਵਿਸ਼ਿਆਂ ਪ੍ਰਤੀ ਸਿੱਖ ਪਹੁੰਚ ਨੂੰ ਸਪੱਸ਼ਟ ਕਰਦੇ ਹਨ। ਕੁਲ ਮਿਲਾ ਕੇ ਤਿੰਨ ਸੌ ਤੇਈ ਪ੍ਰਸ਼ਨਾਂ ਦਾ ਉੱਤਰ ਤਿੰਨ ਜ਼ਬਾਨਾਂ ਵਿਚ ਦਿੰਦੀ ਹੈ ਇਹ ਰਚਨਾ। ਇਸ ਤੋਂ ਇਲਾਵਾ ਇਹ ਮੂਲ ਸਿੱਖ ਸਿਧਾਂਤਕ ਸ਼ਬਦਾਵਾਲੀ ਨਾਲ ਵੀ ਪਰਿਚਿਤ ਕਰਵਾਂਦੀ ਹੈ।

ਅਮਰੀਕਾ ਵਿਚ 2001 ਵਿਚ ਹੋਏ ਅਲ-ਕਾਇਦਾ ਦੇ ਹਮਲੇ ਉਪਰੰਤ ਸਿੱਖ ਪਛਾਣ ਦੇ ਸੰਕਟ-ਗ੍ਰਸਿਤ ਹੋਣ ਕਾਰਨ ਇਸ ਪੁਸਤਕ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਸਿੱਖ ਕੌਣ ਹੈ? ਸਿੱਖਾਂ ਦਾ ਧਾਰਮਿਕ ਨਿਸ਼ਾਨ, ਮੂਲ ਮੰਤਰ, ਸਿੱਖ ਗੁਰੂਆਂ ਦਾ ਨਾਮ, ਸੰਖੇਪ ਇਤਿਹਾਸ। ਸਿੱਖ ਜੈਕਾਰਾ, ਸਿੱਖ ਧਰਮ, ਧਰਮ ਗ੍ਰੰਥ ਦੀ ਸਿੱਖਿਆ, ਬਾਣੀ, ਬਾਣੀਕਾਰ, ਸਿੱਖ ਰਹਿਤ ਮਰਿਯਾਦਾ, ਸਿੱਖ ਸ਼ਹੀਦ, ਸਿੱਖ ਗੁਰਦੁਆਰੇ, ਭਗਤ, ਭਗਤ ਬਾਣੀ, ਸਿੱਖ ਅਰਦਾਸ। ਸਿੱਖ ਵਿਹਾਰ, ਰਹਿਤਾਂ, ਕੁਰਹਿਤਾਂ, ਸਿੱਖ ਤਖਤ, ਸਿੱਖ ਕਕਾਰ, ਪੂਜਾ ਸਥਾਨ, ਕੀਰਤਨ, ਨਾਮ, ਸੇਵਾ, ਸਿਮਰਨ, ਕਿਰਤ, ਸਿੱਖਾਂ ਦੀ ਦਾਰਸ਼ਨਿਕ, ਰਾਜਨੀਤਕ, ਸਿਧਾਂਤਕ, ਸੋਚ/ਪਹੁੰਚ ਹਰ ਪੱਖ ਬਾਰੇ ਪ੍ਰਮਾਣੀਕ ਤੇ ਸੰਖੇਪ ਜਾਣਕਾਰੀ ਦੇਣ ਵਾਲੀ ਇਸ ਪੁਸਤਕ ਦੀ ਲੋੜ ਅੱਜ ਹਰ ਘਰ ਵਿਚ ਹੈ।

**# 2, street No. 9, Guru Nanak Nagar, Patiala-147001**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955



# ਡਾ. ਜਾਗੀਰ ਸਿੰਘ ਜੀ ਦੀਆਂ ਗੁਰਮਤਿ ਸੰਗੀਤ ਸੰਬੰਧੀ ਪੁਸਤਕਾਂ

**ਰਿਸ਼ਪਾਲ ਸਿੰਘ**

### ਫਰੀਦ ਬਾਣੀ ਸੰਗੀਤਕ ਪਰਿਪੇਖ

ਫਰੀਦ ਬਾਣੀ ਸੰਗੀਤਕ ਪਰਿਪੇਖ ਪੁਸਤਕ ਦੇ ਰਚਨਹਾਰ ਗੁਰਮਤਿ ਸੰਗੀਤ ਦੇ ਵਿਖਿਆਤ ਕੀਰਤਨਕਾਰ ਡਾ: ਜਾਗੀਰ ਸਿੰਘ ਚੰਡੀਗੜ੍ਹ ਵਾਲੇ ਹਨ ਜਿਹਨਾਂ ਨੂੰ ਗੁਰਮਤਿ ਸੰਗੀਤ ਲਈ ਦਿੱਤੀਆਂ ਵਡਮੁੱਲੀਆਂ ਸੇਵਾਵਾਂ ਲਈ 'ਸ਼੍ਰੋਮਣੀ ਰਾਗੀ' ਅਤੇ 'ਗੁਰਮਤਿ ਸੰਗੀਤ ਐਵਾਰਡ' ਨਾਲ ਨਿਵਾਜਿਆ ਜਾ ਚੁੱਕਿਆ ਹੈ। ਹੱਥਲੀ ਪੁਸਤਕ ਦਾ ਪ੍ਰਕਾਸ਼ਨ 2004 ਵਿੱਚ ਪੰਜਾਬੀ ਪਬਲੀਕੇਸ਼ਨ, ਪਟਿਆਲਾ ਰਾਹੀਂ ਕੀਤਾ ਗਿਆ।ਆਪ ਜੀ 1989 ਤੋਂ "ਅੰਮ੍ਰਿਤ ਕੀਰਤਨ" ਨਾਮਕ ਮਾਸਿਕ ਪਤ੍ਰਿਕਾ ਦਾ ਨਿਰੰਤਰ ਪ੍ਰਕਾਸ਼ਨ ਕਰਦੇ ਆ ਰਹੇ ਹਨ। ਆਪ ਜੀ ਵੱਖ-ਵੱਖ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਡਿਪਟੀ ਡਾਇਰੈਕਟਰ ਅਤੇ ਮੁੱਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਰਹਿ ਚੁੱਕੇ ਹਨ। ਹੱਥਲੀ ਪੁਸਤਕ ਆਪ ਜੀ ਦੇ ਗਿਆਨ ਅਤੇ ਅਨੁਭਵ ਦੀ ਇੱਕ ਕੜੀ ਹੈ। ਸਮੁੱਚੀ ਪੁਸਤਕ ਦੇ 6 ਅਧਿਆਇ ਹਨ ਜਿਹਨਾਂ ਵਿੱਚ ਕ੍ਰਮਵਾਰ ਵਿਅਕਤੀਤਵ ਅਤੇ ਰਚਨਾ, ਵਸਤੂ ਵਿਵੇਚਨ, ਵਿਭਿੰਨ ਪਰਿਪੇਖ, ਸੰਗੀਤ ਪਰਿਪੇਖ, ਸੰਗੀਤ ਰਚਨਾਵਾਂ ਦੇ ਰਾਗ ਸਰੂਪ ਅਤੇ ਸੰਗੀਤ ਰਚਨਾਵਾਂ ਨਾਲ ਸਬੰਧਤ ਵਿਸ਼ਿਆਂ ਦੀ ਚਰਚਾ ਕੀਤੀ ਗਈ ਹੈ। ਪਹਿਲੇ ਅਧਿਆਇ ਵਿੱਚ ਲੇਖਕ ਨੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਸ਼ਖਸ਼ੀਅਤ ਬਾਰੇ ਚਰਚਾ ਕਰਦਿਆਂ ਵਿਭਿੰਨ ਪੁਸਤਕਾਂ ਦੇ ਹਵਾਲਿਆਂ ਨਾਲ ਬਾਬਾ ਫਰੀਦ ਜੀ ਦੀ ਜਿੰਦਗੀ ਅਤੇ ਰਚਨਾ ਨੂੰ ਸੂਰਤਬੱਧ ਕਰਨ ਦਾ ਯਤਨ ਕੀਤਾ ਹੈ। ਇਸਦੇ ਅੰਤਰਗਤ ਇਤਿਹਾਸਿਕ ਪਰਿਪੇਖ, ਕਥਾ ਮੂਲਕ ਪਰਿਪੇਖ, ਰਚਨਾ-ਮੂਲਕ ਪਰਿਪੇਖ ਦੇ ਅਧੀਨ ਬਾਬਾ ਫਰੀਦ ਜੀ ਦਾ ਵਿਭਿੰਨ ਪਰਿਪੇਖਾਂ ਤੋਂ ਮਹੱਤਤਾ ਦਾ ਬੋਧ ਕਰਵਾਇਆ ਗਿਆ ਹੈ। ਵਸਤੂ ਵਿਵੇਚਨ ਵਾਲੇ ਅਧਿਆਇ ਵਿੱਚ ਫਰੀਦ ਜੀ ਦੀ ਰਚਨਾ ਵਿੱਚ ਉਪਲੱਬਧ ਥੀਮਕ ਪਸਾਰਾਂ (ਦਰਵੇਸ਼, ਪ੍ਰੇਮ, ਬਿਰਹਾ, ਸਬਰ, ਸੰਤੋਖ, ਸ਼ਹਿਨਸ਼ੀਲਤਾ, ਨਿਮਰਤਾ, ਮਿਠਾਸ, ਨਮਾਜ, ਬੰਦਗੀ, ਨਾਸ਼ਮਾਨਤਾ, ਸਮੇਂ ਦੀ ਸਾਰਥਕਤਾ) ਦੀ ਨਿਸ਼ਾਨਦੇਹੀ ਹੋਈ ਮਿਲਦੀ ਹੈ। ਤੀਜੇ ਅਧਿਆਇ ਵਿੱਚ ਫਰੀਦ ਜੀ ਤੇ ਗੁਰਮਤਿ ਸੰਦਰਭ ਅਤੇ ਇਸਲਾਮਕ ਤੇ ਸੂਫੀ ਸੰਦਰਭਾਂ ਦੀ ਚਰਚਾ ਕੀਤੀ ਗਈ ਹੈ। ਗੁਰਮਤਿ ਸੰਦਰਭ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿੱਚ ਉਪਲਬਧ ਬਾਬਾ ਫਰੀਦ ਦੀ ਬਾਣੀ ਦੇ ਅਧਾਰ ਤੇ ਜ਼ਿਕਰ ਕੀਤਾ ਗਿਆ ਹੈ ਜਦ ਕਿ ਇਸਲਾਮਕ ਅਤੇ ਸੂਫੀ ਸੰਦਰਭ ਵਿੱਚ ਏਕਾਦਾਤ, ਆਦਾਬ, ਇਬਾਦਤ ਦੇ ਪ੍ਰਸੰਗ ਦਿਸ਼ਟੀਗੋਚਰ ਹੋਏ ਹਨ। ਸੰਗੀਤਕ ਪਰਿਪੇਖ ਵਿੱਚ ਲੇਖਕ ਨੇ ਸੂਫੀ ਅਤੇ ਸੰਗੀਤ, ਫਰੀਦ ਬਾਣੀ ਅਤੇ ਸੰਗੀਤ, ਸ਼ਬਦ ਰਚਨਾ ਤੇ ਸੰਗੀਤ ਦੇ ਉੱਪ-ਸਿਰਲੇਖਾਂ ਅਧੀਨ ਫਰੀਦ ਬਾਣੀ ਵਿੱਚ ਹਿੰਦੋਸਤਾਨੀ ਸੰਗੀਤ ਨੂੰ ਅਵਲੋਕਿਤ ਕੀਤਾ ਹੈ। ਸੰਗੀਤਕ ਰਚਨਾ ਦੇ ਸਰੂਪ ਵਿੱਚ ਡਾ: ਜਾਗੀਰ ਸਿੰਘ ਨੇ ਬਾਬਾ ਫਰੀਦ ਦੀਆਂ ਸੰਗੀਤ ਰਚਨਾਵਾਂ ਲਈ ਪ੍ਰਯੁਕਤ ਕੀਤੇ ਵੱਖ-ਵੱਖ 13 ਰਾਗਾਂ (ਆਸਾ, ਸੋਰਠਿ, ਤਿਲੰਗ, ਸੂਹੀ, ਸੂਹੀ ਲਲਿਤ, ਤੁਖਾਰੀ, ਸਾਰੰਗ, ਮਲਾਰ, ਕਲਿਆਣ, ਬੈਰਾਗੀ, ਚੰਦਰਕੋਸ਼, ਮਾਲਕੋਸ਼ ਅਤੇ ਕੀਰਵਾਨੀ) ਦੇ ਸਰੂਪ ਦੀ ਚਰਚਾ ਕੀਤੀ ਹੈ। ਇਸ ਪੁਸਤਕ ਦਾ ਅੰਤਿਮ ਅਧਿਆਇ ਲੇਖਕਾਂ ਲਈ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ।

ਪੁਸਤਕ ਪੜਚੋਲ: ਫਰੀਦ ਬਾਣੀ ਸੰਗੀਤਕ ਪਰਿਪੇਖ ਪੁਸਤਕ ਵਿੱਚ ਲੇਖਕ ਨੇ ਬਾਬਾ ਫਰੀਦ ਜੀ ਦੇ ਜੀਵਨ ਬਾਰੇ ਅਤੇ ਬਾਬਾ ਫਰੀਦ ਦੀ ਬਾਣੀ ਦਾ ਸੰਗੀਤਕ ਵਿਖਿਆਨ ਪ੍ਰਸਤੁਤ ਹੈ। ਲੇਖਕ ਨੇ ਬਾਬਾ ਫਰੀਦ ਜੀ ਦੀ ਚਰਨਛੋਹ ਪ੍ਰਾਪਤ ਫਰੀਦ ਕੋਟ ਸ਼ਹਿਰ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ ਕਿਉਂਕਿ ਪੰਜਾਬੀ ਸਾਹਿਤ ਦੀ ਹੋਰ ਪੁਸਤਕਾਂ ਵਿੱਚ ਬਾਬਾ ਫਰੀਦ ਦੀ ਚਰਨ ਛੋਹ

ਪ੍ਰਾਪਤ ਸ਼ਹਿਰ ਦਾ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣ ਯੋਗ ਹੈ । ਲੇਖਕ ਨੇ ਵਿਦਵਾਨੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਜੋ ਜਨ-ਸਧਾਰਨ ਦੀ ਪਹੁੰਚ ਤੋਂ ਪਰੇ ਨਹੀਂ ਹੈ। ਅਜਿਹੀਆਂ ਮਹੱਤਵਪੂਰਨ ਪੁਸਤਕਾਂ ਸਾਹਿਤ ਅਤੇ ਸੰਗੀਤਕ ਪੱਖੋਂ ਸੰਗੀਤ ਜਗਿਆਸੂਆਂ ਅਤੇ ਪਾਠਕਾਂ ਲਈ ਪ੍ਰੇਰਣਾ-ਸ੍ਰੋਤ ਹੋ ਸਕਦੀਆਂ ਹਨ।

**ਗੁਰੂ ਨਾਨਕ ਦੇਵ ਅਤੇ ਸੰਗੀਤ**

ਇਹ ਪੁਸਤਕ ਗੁਰਮਤਿ ਸੰਗੀਤ ਦੇ ਉੱਘੇ ਵਿਦਵਾਨ ਡਾ. ਜਾਗੀਰ ਸਿੰਘ ਜੀ ਦੀ ਰਚਨਾ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਕਾਰਜ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋ 2007 ਵਿੱਚ ਕੀਤਾ ਗਿਆ। ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੀ ਸੰਗੀਤਕ ਦੇਣ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਦਾ ਵਿਵੇਚਨਾਤਮਕ ਅਧਿਐਨ ਕੀਤਾ ਗਿਆ ਹੈ। ਪੁਸਤਕ ਨੂੰ ਛੇ ਭਾਗਾਂ ਵਿਚ ਵੰਡਿਆ ਗਿਆ ਹੈ। ਪੁਸਤਕ ਵਿਚਲੇ 6 ਅਧਿਆਇ ਗੁਰੂ ਨਾਨਕ ਦੇਵ ਤੇ ਸੰਗੀਤ ਇਤਿਹਾਸਿਕ ਪਰਿਪੇਖ, ਗੁਰੂ ਨਾਨਕ ਦੇਵ ਜੀ ਅਤੇ ਸੰਗੀਤ: ਬਾਣੀ ਪਰਿਪੇਖ, ਗੁਰੂ ਨਾਨਕ ਦੇਵ ਜੀ ਤੇ ਸੰਗੀਤ ਰਾਗ ਪ੍ਰਬੰਧ, ਗੁਰੂ ਨਾਨਕ ਬਾਣੀ ਅਤੇ ਰਾਗ: ਭਾਵ ਮੂਲਕ ਸੁਮੇਲ, ਗੁਰੂ ਨਾਨਕ ਬਾਣੀ ਕਾਵਿ ਰੂਪ ਅਤੇ ਗਾਇਨ ਸੈਲੀਆਂ, ਗੁਰੂ ਨਾਨਕ ਬਾਣੀ ਅਤੇ ਸੰਗੀਤ ਸੰਚਾਰ ਪ੍ਰਯੋਜਨ ਅਨੁਸਾਰ ਹਨ। ਜਿਹਨਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਸੰਗੀਤਕ, ਬਾਣੀ ਰਚਨਾਕਾਰ, ਰਾਗਾਤਮਕ, ਭਾਵਾਤਮਕ, ਕਾਵਿ ਅਤੇ ਗਾਇਨ ਸ਼ੈਲੀਆਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਇਸ ਪੁਸਤਕ ਵਿਚ ਗੁਰਬਾਣੀ ਸੰਗੀਤ ਦੀ ਅਰੰਭਤਾ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਰੋਤਾਂ ਦਾ ਸੂਖਮ ਅਧਿਐਨ ਕਰਦਿਆਂ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਨਾਲ ਸਬੰਧਤ ਸੰਗੀਤਕ ਤੱਤਾਂ ਅਤੇ ਤੱਥਾ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਵਿਭਿੰਨ ਜਨਮ ਸਾਖੀਆਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਸੰਗੀਤਕ ਕਾਰਜਾਂ ਦਾ ਜਿਕਰ ਕੀਤਾ ਗਿਆ ਹੈ ਅਤੇ ਗੁਰਮਤਿ ਸੰਗੀਤ ਦੀ ਸਥਾਪਤੀ ਲਈ ਅਰੰਭਕ ਯੋਗਦਾਨ ਪਾਉਣ ਵਾਲੇ ਸਬੰਧਤ ਵਿਅਕਤੀਆਂ ਦਾ ਜਿਕਰ ਕੀਤਾ ਗਿਆ ਹੈ ।ਅਧਿਆਇ ਦੂਜਾ ਗੁਰੂ ਨਾਨਕ ਦੇਵ ਜੀ ਅਤੇ ਸੰਗੀਤ: ਬਾਣੀ ਪਰਿਪੇਖ ਵਿੱਚ ਸੰਗੀਤ ਦੀ ਵਰਤੋਂ ਦੇ ਸੰਕੇਤ ਰੂਪ ਪ੍ਰਾਪਤ ਹਨ। ਇਸ ਸੰਦਰਭ ਵਿਚ ਬਾਣੀ ਵਿਚੋਂ ਪ੍ਰਾਪਤ ਸੰਗੀਤਕ ਹਵਾਲਿਆ ਦਾ ਵਿਸਤਰਿਤ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਯੁਕਤ ਰਾਗਾਂ ਅਤੇ ਭਾਰਤੀ ਸੰਗੀਤ ਪਰੰਪਰਾ ਦਾ ਅਧਿਐਨ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਨੂੰ ਇਕ ਵਿਸ਼ਸ਼ਟ ਸੰਗੀਤ ਪ੍ਰਬੰਧ ਵਜੋਂ ਸਥਾਪਤ ਕੀਤਾ। ਇਸ ਪੁਸਤਕ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਯੋਗ ਕੀਤੇ ਗਏ ਰਾਗ ਪ੍ਰਬੰਧ ਦਾ ਉਲੇਖ ਕੀਤਾ ਗਿਆ ਹੈ। ਅਗਲੇਰੇ ਅਧਿਆਇ ਵਿਚ ਗੁਰਬਾਣੀ ਦੇ ਭਾਵ ਅਨੁਸਾਰ ਰਾਗ ਦੀ ਚੋਣ ਕੀਤੀ ਗਈ ਹੈ ਅਤੇ ਰਾਗ ਅਤੇ ਬਾਣੀ ਦੀ ਭਾਵਮੂਲਕ ਸਮਾਨਤਾ ਦੀ ਸਥਾਪਤੀ ਦਾ ਵਰਣਨ ਕੀਤਾ ਗਿਆ ਹੈ। ਪੁਸਤਕ ਦੇ ਅੰਤਿਮ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਚ ਸੁਯੋਗ ਸੰਚਾਰ ਦੇ ਪ੍ਰਯੋਜਨ ਹਿਤ ਜਿੱਥੇ ਵਿਭਿੰਨ ਪ੍ਰਚਲਤ ਕਾਵਿ ਰੂਪਾਂ ਦੀ ਵਰਤੋਂ ਕੀਤੀ ਗਈ ਹੈ।

ਪੁਸਤਕ ਪੜਚੋਲ:

ਗੁਰੂ ਨਾਨਕ ਦੇਵ ਜੀ ਅਤੇ ਸੰਗੀਤ ਨਾਮੀ ਪੁਸਤਕ ਗੁਰੂ ਨਾਨਕ ਦੇਵ ਜੀ ਦੇ ਸੰਪੂਰਨ ਜੀਵਨ ਅਤੇ ਪ੍ਰਾਪਤੀਆਂ ਦਾ ਮਿਲਿਆ ਜੁਲਿਆ ਸੰਗ੍ਰਹਿ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਗੀਤਕ ਮਹੱਤਵ ਅਤੇ ਸੰਗੀਤਕ ਪੱਖੋਂ ਸੂਝ-ਬੂਝ ਦਾ ਪ੍ਰਮਾਣ ਮਿਲਦਾ ਹੈ। ਲੇਖਕ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਗੀਤਕ, ਭਾਵਤਾਮਕ, ਰਾਗਾਤਮਕ ਅਤੇ ਅਧਿਆਤਮਕ ਅਧਿਐਨ ਕਰਕੇ ਗੁਰੂ ਸਾਹਿਬ ਦੁਆਰਾ ਕੀਤੇ ਅਣੱਥਕ ਯਤਨਾਂ ਤੋਂ ਜਾਣੂੰ ਕਰਵਾਇਆ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਸ਼ੇਸ਼ ਅਧਿਆਤਮਕ ਪ੍ਰਯੋਜਨ ਹਿੱਤ ਹੋਈ ਹੈ ਉਥੇ ਇਸੇ ਪ੍ਰਯੋਜਨ ਦੀ ਪੂਰਤੀ ਲਈ ਸੰਗੀਤ ਇਕ ਸਫਲ ਸੰਚਾਰੀ ਮਾਧਿਅਮ ਵਜੋਂ ਪੇਸ਼ ਹੁੰਦਾ ਹੈ। ਅਜਿਹੇ ਵਿਚਾਰਾਂ ਦੀ ਸਥਾਪਤੀ ਹਿਤ ਇਸ ਪੁਸਤਕ ਦੀ ਰਚਨਾ ਕੀਤੀ ਗਈ। ਇਹ ਪੁਸਤਕ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਉਪਰ ਸਮੁੱਚਾ ਪ੍ਰਭਾਵ ਪਾਉਂਦੀ ਨਜ਼ਰ ਆਉਂਦੀ ਹੈ।

ਬਾਕੀ ਰਚਨਾਵਾਂ ਅਗਲੇਰੇ ਅੰਕ ਵਿੱਚ.................

**ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ (ਮਾਨਸਾ)**

### ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ

# ਤੰਤੀ ਸਾਜ਼ ਵਾਦਕ ਭਾਈ ਨਵਜਿੰਦਰ ਸਿੰਘ

**ਕਮਲਜੀਤ ਸਿੰਘ**




ਗੁਰਮਤਿ ਸੰਗੀਤ ਵਿੱਚ ਤੰਤੀ ਸਾਜ਼ਾਂ ਦਾ ਬਹੁਤ ਯੋਗਦਾਨ ਰਿਹਾ ਹੈ। ਤੰਤੀ ਸਾਜ਼ਾਂ ਤੋਂ ਭਾਵ ਤਾਰਾਂ ਵਾਲੇ ਸ਼ਾਜ਼ਾਂ ਤੋਂ ਹੈ ਜੋ ਗਜ਼ ਦੀ ਰਗੜ ਜਾਂ ਟੁਨਕਾਰ ਨਾਲ ਆਵਾਜ਼ ਪੈਦਾ ਕਰਦੇ ਹਨ। ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਦਾ ਆਰੰਭ ਬਾਬੇ ਨਾਨਕ ਦੀ ਰਬਾਬ ਤੋ ਹੋਇਆ, ਗੁਰੂ ਕਾਲ ਤੋ ਲੈ ਕੇ ਆਜ਼ਾਦੀ ਤਕ ਕੀਰਤਨ ਤੰਤੀ ਸ਼ਾਜ਼ਾਂ ਦੁਆਰਾ ਹੀ ਹੁੰਦਾ ਰਿਹਾ ਪਰ ਹੌਲੀ ਹੌਲੀ ਗੁਰੂ ਸਾਹਿਬਾਨ ਦੁਆਰਾ ਦਿੱਤੇ ਤੰਤੀ ਸ਼ਾਜ਼ਾਂ ਦੀ ਥਾਂ ਹਰਮੋਨੀਅਮ ਨੇ ਲੈ ਲਈ ਤੇ ਸਿੱਖ ਸੱਭਿਆਚਾਰ ਦਾ ਅੰਗ ਤੰਤੀ ਸਾਜ਼ ਆਲੋਪ ਹੋ ਗਏ ਜੋ ਇਕ ਚਿੰਤਾਂ ਦਾ ਵਿਸ਼ਾ ਸੀ।

ਸਿੱਖ ਧਰਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਡਾ.ਗੁਰਨਾਮ ਸਿੰਘ ਜੀ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪ੍ਰੋ.ਕਰਤਾਰ ਸਿੰਘ ਜੀ ਨੇ ਇਕੱਤਰ ਹੋ ਕੇ ਤੰਤੀ ਸ਼ਾਜ਼ਾਂ ਨੂੰ ਮੁੜ ਤੋਂ ਕੀਰਤਨ ਦਾ ਹਿਸਾ ਬਣਾਓਣ ਦਾ ਕਾਰਜ ਆਰੰਭ ਕੀਤਾ ਜੋ ਗੁਰੂ ਦੀ ਕਿਰਪਾ ਸਦਕਾ ਮਾਰਚ 2006 ਵਿਚ ਪੂਰਾ ਹੋਇਆ। ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਚ ਤੰਤੀ ਸਾਜ਼ਾਂ ਦੀ ਆਵਾਜ ਆਉਣ ਲੱਗੀ। ਇਸੇ ਲੜੀ ਵਿਚ ਨਵਜਿੰਦਰ ਸਿੰਘ ਦਾ ਨਾਮ ਆਉਦਾ ਹੈ ਜਿਨ੍ਹਾਂ ਨੇ ਆਪਣੀ ਅਣਥਕ ਮਿਹਨਤ ਸਦਕਾ ਗੁਰੂ ਦੀ ਕਿਰਪਾ ਪ੍ਰਾਪਤ ਕੀਤੀ।

ਭਾਈ ਨਵਜਿੰਦਰ ਸਿੰਘ ਦਾ ਜਨਮ 2 ਮਾਰਚ 1984 ਨੂੰ ਪਿਤਾ ਹਰਵਿੰਦਰਪਾਲ ਸਿੰਘ ਤੇ ਸਵਰਗੀ ਮਾਤਾ ਅਮਰਜੀਤ ਕੌਰ ਦੇ ਘਰ ਗੁਰੂ ਦੀ ਨਗਰੀ ਸ਼੍ਰੀ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਨੂੰ ਸੰਗੀਤ ਦੀ ਚੇਟਕ ਪੰਜਵੀ ਜਮਾਤ ਵਿਚ ਪੜ੍ਹਦਿਆਂ ਲੱਗੀ। ਭਾਈ ਸਾਹਿਬ ਜੀ ਆਪਣੇ ਤਿੰਨ ਭਰਾਵਾਂ ਤੇ ਇਕ ਭੈਣ ਨਾਲੋਂ ਉਮਰ ਵਿਚ ਛੋਟੇ ਹਨ। ਛੋਟੀ ਉਮਰੇ ਆਪ ਨੇ ਕੀਰਤਨ ਦੀ ਸ਼ੁਰੂਆਤ ਪ੍ਰਭਾਤ ਫੇਰੀ ਨਾਲ ਟੱਲੀਆਂ ਵਜਾ ਕੇ ਕੀਤੀ। ਪਰ ਪਰਿਵਾਰ ਵਲੋ ਇਜ਼ਾਜਤ ਨਾ ਹੋਣ ਕਰਕੇ ਆਪ ਨੂੰ ਇਹ ਕਾਰਜ ਛੱਡਣਾ ਪਿਆ ਪਰ ਆਪ ਜੀ ਦੇ ਮਨ ਵਿਚ ਕੀਰਤਨ ਪ੍ਰਤੀ ਅਥਾਹ ਪਿਆਰ,ਸ਼ਰਧਾ ਅਤੇ ਸਿੱਖਣ ਦਾ ਜਜ਼ਬਾ ਹੋਣ ਕਰਕੇ ਦੁਨਿਆਵੀ ਰੁਕਾਵਟਾਂ ਆਪ ਤੇ ਭਾਰੂ ਨਾ ਹੋ ਸਕੀਆਂ। ਗੁਰਬਾਣੀ ਵਿਚ ਪੰਜਵੇ ਪਾਤਸ਼ਾਹ ਦਾ ਫੁਰਮਾਣ ਹੈ:-

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥

ਸੂਝਵਾਨ ਲੋਕਾਂ ਦਾ ਕਹਿਣਾ ਹੈ ਕਿ ਬੰਦਾ ਕੰਮ ਉਹੀ ਕਰਦਾ ਜਿਸ ਵਿੱਚ ਉਸ ਦੀ ਰੁਚੀ ਹੋਵੇ। ਦਸਵੀਂ ਜਮਾਤ ਕਰਨ ਤੋਂ ਬਾਅਦ ਆਪ ਨੇ ਆਈ.ਟੀ.ਆਈ ਤੇ ਬਾਹਰਵੀਂ ਤਕ ਪੜ੍ਹਾਈ ਕੀਤੀ। ਇਸ ਪੜ੍ਹਾਈ ਦੇ ਨਾਲ-ਨਾਲ ਆਪ ਨੂੰ ਪਰਿਵਾਰ ਵਲੋ ਸਿੱਖਣ ਦੀ ਇਜਾਜ਼ਤ ਤਾਂ ਮਿਲੀ ਪਰ ਮਾਇਕ ਸਾਧਨ ਸੀਮਿਤ ਸੀ। ਮਾਤਾ-ਪਿਤਾ ਆਪ ਨੂੰ ਪੜ੍ਹਾ ਕੇ ਇੰਜਨੀਅਰਿਗ ਕਰਵਾਉਣਾ ਚਾਹੁੰਦੇ ਸਨ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 2002 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀਆਂ ਅਕੈਡਮੀਆ ਲਈ ਟੈਸਟ ਲਿਆ, ਗੁਰੂ ਦੀ ਕਿਰਪਾ ਹੋਈ ਟੈਸਟ ਪਾਸ ਹੋਣ ਤੋ ਬਾਅਦ ਆਪ ਜੀ ਗੁਰਮਤਿ

ਸੰਗੀਤ ਆਚਾਰੀਆ ਪ੍ਰੋ.ਕਰਤਾਰ ਸਿੰਘ ਜੀ ਦੀ ਸ਼ਰਣ ਵਿਚ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਆਨੰਦਪੁਰ ਸਾਹਿਬ ਜਾ ਪਹੁੰਚੇ। ਪ੍ਰੋ. ਸਾਹਿਬ ਜੀ ਨੇ ਦੀ ਆਪ ਪਰਖ ਕਰਨ ਤੋ ਬਾਅਦ ਦਿਲਰੁਬਾ ਸਾਜ਼ ਇਹਨਾਂ ਨੇ ਹੱਥ ਫੜਾਇਆ ਤੇ ਆਸ਼ੀਰਵਾਦ ਦਿੰਦੇ ਹੋਏ ਇਸ ਮਾਰਗ ਦਾ ਪਾਂਦੀ ਬਣਾਇਆ। ਆਪ ਜੀ  ਨੇ ਅਕੈਡਮੀ ਵਿਚ ਰਹਿ ਕੇ ਪ੍ਰੋ.ਪਿਆਰਾ ਸ਼ਿੰਘ ਪਦਮ ਹੁਰਾਂ ਪਾਸੋ ਤਿੰਨ ਸਾਲ ਦਿਲਰੁਬਾ ਦੀ ਤਾਲੀਮ ਹਾਸਿਲ ਕੀਤੀ। ਤਿੰਨ ਸਾਲ ਦਾ ਕੋਰਸ ਕਰਨ ਉਪਰੰਤ ਆਪ ਪ੍ਰੋ.ਕਰਤਾਰ ਸਿੰਘ ਜੀ ਦੀ ਅਗਵਾਈ ਹੇਠ ਭਾਈ ਨਰਿੰਦਰ ਸਿੰਘ ਬਨਾਰਸੀ ਹਜੂਰੀ ਰਾਗੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅੰਮ੍ਰਿਤਸਰ ਕੋਲ ਚਲੇ ਗਏ, ਜਿਥੇ ਆਪ ਨੇ ਵਾਦਨ ਦੇ ਨਾਲ-ਨਾਲ ਗਾਇਨ ਦੀਆਂ ਬਾਰੀਕੀਆਂ ਸਿੱਖੀਆਂ। 2005 ਤੋ 2006 ਤਕ ਆਪ ਨੇ ਭਾਈ ਨਰਿੰਦਰ ਸਿੰਘ ਜੀ ਨਾਲ ਹਰਿਮੰਦਰ ਸਾਹਿਬ ਵਿਖੇ ਬਿਨਾ ਕਿਸੇ ਭੇਟਾ ਤੰਤੀ ਦੇ ਸਾਜ਼ ਵਾਦਕ ਵਜੋ ਸੇਵਾ ਕੀਤੀ ਅਤੇ 2006 ਵਿਚ ਆਪ ਜੀ ਨੂੰ ਪੱਕੀ ਸੇਵਾ ਦਾ ਮੌਕਾ ਮਿਲਿਆ ਜੋ ਅੱਜ ਵੀ ਆਪ ਤਨ ,ਮਨ ਨਾਲ ਨਿਭ੍ਹਾ ਰਹੇ ਹਨ। ਤੰਤੀ ਸਾਜ਼ ਵਾਦਨ ਦੀ ਡਿਊਟੀ ਕੇਵਲ ਟੀ ਵੀ ਤੇ ਸਿਧੇ ਪ੍ਰਸਾਰਨ ਵੇਲੇ ਹੁੰਦੀ ਹੈ ਪਰੰਤੂ ਭਾਈ ਸਾਹਬ ਜੀ ਦਾ ਜਦੋ ਸੇਵਾ ਨੂੰ ਮਨ ਕਰੇ ਹਾਜ਼ਰੀ ਭਰ ਆਉਦੇ ਹਨ। ਸੰਗੀਤ ਵਿਦਿਆ ਦੇ ਨਾਲ ਨਾਲ ਆਪਣੀ ਸਕੂਲੀ ਵਿਦਿਆ ਵੀ ਜਾਰੀ ਰੱਖੀ। ਆਪ ਨੇ ਬੀ.ਏ ਤਕ ਦੀ ਵਿਦਿਆ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋ ਹਾਸਿਲ ਕੀਤੀ

ਆਪ ਭਾਈ ਬਲਬੀਰ ਸਿੰਘ ਜੀ, ਭਾਈ ਨਿਰਮਲ ਸਿੰਘ ਖਾਲਸਾ,ਭਾਈ ਸਰਬਜੀਤ ਸਿੰਘ ਲਾਡੀ , ਭਾਈ ਨਿਰਮਲ ਸਿੰਘ ਨਾਗਪੁਰੀ,ਭਾਈ ਰਣਧੀਰ ਸਿੰਘ,ਭਾਈ ਇੰਦਰਜੀਤ ਸਿੰਘ ਬੰਬੇ ਵਾਲੇ,ਭਾਈ ਗੁਰਮੀਤ ਸਿੰਘ ਸ਼ਾਂਤ,ਭਾਈ ਹਰਜੋਤ ਸਿੰਘ ਜ਼ਖਮੀ, ਭਾਈ ਨਰਿੰਦਰ ਸਿੰਘ ਬਨਾਰਸੀ,ਭਾਈ ਮਨਜੀਤ ਸਿੰਘ  ਭਾਈ ਰਵਿੰਦਰ ਸਿੰਘ ਜੀ ਤੇ ਭਾਈ ਅਮਰੀਕ ਸਿੰਘ ਜ਼ਖਮੀ ਤੋਂ ਇਲਾਵਾ ਨਾਮੀ ਕੀਰਤਨਕਾਰਾਂ ਨਾਲ ਦਿਲਰੁਬਾ ਵਾਦਨ ਕਰ ਚੁੱਕੇ ਹੋ।

ਮੰਜੀ ਸਾਹਿਬ ਹਾਲ, ਜਵੱਦੀ ਟਕਸਾਲ ਲੁਧਿਆਣਾ ਦੇ ਰਾਗ ਦਰਬਾਰਾਂ ਵਿਚ ਆਪ ਨੇ ਹਾਜ਼ਰੀ ਭਰੀ ਤੇ ਆਪ ਦਾ ਸਨਮਾਨ ਵੀ ਕੀਤਾ ਗਿਆ। ਸੁਭ ਕਰਮਨ ਤੇ ਕਬਹੂੰ ਨ ਟਰੋ ਸੁਸਾਇਟੀ ਸ਼੍ਰੀ ਅੰਮ੍ਰਿਤਸਰ, ਰਾਗ ਦਰਬਾਰ ਤਖਤ ਸ਼੍ਰੀ ਕੇਸਗੜ ਸਾਹਿਬ, ਸੈਂਟਰਲ ਖਾਲਸਾ ਯਤੀਮਖਾਨਾ ਤੇ ਦਿੱਲੀ ਦੀਆਂ ਕਈ ਸੰਸਥਾਵਾਂ ਵਲੋ ਆਪ ਜੀ ਦਾ ਸਨਮਾਨ ਕੀਤਾ ਜਾ ਚੁੱਕਾ ਹੈ॥

ਆਪ ਦਾ ਮੰਨਣਾ ਹੈ ਕਿ ਗੁਰਬਾਣੀ ਕੀਰਤਨ,  ਗੁਰ ਮਰਿਆਦਾ ਨੂੰ ਮੁੱਖ ਰੱਖਦੇ ਹੋਏ ਰਾਗਾਂ ਤੇ ਤੰਤੀ ਸਾਜ਼ਾਂ ਨਾਲ ਹੋਣਾ ਚਾਹੀਦਾ ਹੈ॥ ਭਾਈ ਨਵਜਿੰਦਰ ਸਿੰਘ ਦੇ ਪਰਿਵਾਰ ਵਿਚ ਪਤਨੀ ਬੀਬੀ ਪ੍ਰਭਸਿਮਰਨ ਕੌਰ {ਐਮ.ਏ,ਬੀ.ਐੱਡ}ਤੇ ਇਕ ਪੁੱਤਰ ਹਰਸਿਮਰਨ ਸਿੰਘ ਹੈ। ਗੁਰੂ ਸਹਿਬ ਅੱਗੇ ਅਰਦਾਸ ਕਰਦੇ ਹਾਂ ਕਿ ਭਾਈ ਸਾਹਬ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖਸ਼ਿਸ਼ ਕਰਨ।

**ਰਬਾਬ ਵਾਦਕ ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ**


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੁਰ ਲਿਪੀ - ਰਾਗ ਮਾਝ

ਹਰਿਭਜਨ ਸਿੰਘ

ਥਾਟ : ਖਮਾਜ, ਸਮਾਂ : ਰਾਤ ਦਾ ਪਹਿਲਾ ਪਹਿਰ, ਵਾਦੀ : ਰ, ਸੰਵਾਦੀ : ਪ
ਜਾਤੀ: ਔਡਵ ਸੰਪੂਰਨ
ਦੋਵੇਂ : 'ਗ' ਤੇ ਦੋਵੇਂ 'ਨ' ਵਰਜਿਤ : ਆਰੋਹ ਵਿਚ 'ਗ' ਤੇ 'ਧ'
ਆਰੋਹ : ਸ, ਰ, ਮ, ਪ, ਨ ਸੰ॥
ਅਵਰੋਹ : ਸੰ ਨੁ ਧ ਪ, ਧ ਮ ਗ ਮ, ਰ ਪ ਗੁ ਰ ਗੁ ਸ ਰ ਨ਼ ਸ॥
ਮੁੱਖ ਅੰਗ : ਪ, ਧ ਮ ਗ ਮ, ਰ ਪ, ਮ ਗੁ, ਰ ਗੁ ਸ ਰ ਨ਼ ਸ॥

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| x | | 2 | | | 0 | | 3 | | | x | | 2 | | | 0 | | 3 | | |
| ਸਥਾਈ | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਰ | - | ਮ | - | ਪ | ਨ | - | ਸੰ | - | - | ਨੁ | ਧ | ਪ | ਧ | ਮ | ਮ | ਗ | ਰ | - | - |
| ਤੂ | s | ਮੇ | s | ਰਾ | ਪਿ | s | ਤਾ | s | s | ਤੂ | ਹੈ | ਮੇ | s | ਰਾ | ਮਾ | s | ਤਾ | s | s |
| ਨ਼ | - | ਸ | - | ਪ | ਮ | ਗ | ਮ | - | ਗੁ | ਗੁ | ਰ | ਗੁ | ਸ | ਸ | ਰ | ਨ਼ | ਸ | - | - |
| ਤੂ | s | ਮੇ | s | ਰਾ | ਬੰ | s | ਧ | s | ਪੁ | ਤੂੰ | s | ਮੇ | s | ਰਾ | ਭ੍ਰਾ | s | ਤਾ | s | s |
| ਅੰਤਰਾ | | | | | | | | | | | | | | | | | | | |
| ਮ | - | ਮ | - | ਮ | ਪ | - | ਨ | - | - | ਸੰ | ਸੰ | ਸੰ | - | - | ਰੰ | ਨ | ਸੰ | - | - |
| ਤੂੰ | s | ਮੇ | s | ਰਾ | ਰਾ | s | ਖਾ | s | s | ਸ | ਭ | ਨੀ | s | s | ਥਾ | s | ਈ | s | s |
| ਰੰ | - | ਨੁਨੁ | - | - | ਧ | - | ਪ | - | - | ਪ | ਧ | ਮ | ਗ | ਮ | ਗੁ | ਸ | ਰ | ਨ਼ | ਸ |
| ਤਾ | s | ਭਉ | s | s | ਕੇ | s | ਹਾ | s | s | ਕਾ | s | ੜਾ | s | s | ਜੀ | s | ਉ | s | s |


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੦੩

**ਮਾਝ ਮਹਲਾ ੫ ॥**

Maajh, Fifth Mehl:

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥**

You are my Father, and You are my Mother.

**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

You are my Relative, and You are my Brother.

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥**

You are my Protector everywhere; why should I feel any fear or anxiety? ||1||

**ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥**

By Your Grace, I recognize You.

**ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥**

You are my Shelter, and You are my Honor.

**ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥**

Without You, there is no other; the entire Universe is the Arena of Your Play. ||2||

**ਜੀਅ ਜੰਤ ਸਭਿ ਤੁਧੁ ਉਪਾਏ ॥**

You have created all beings and creatures.

**ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥**

As it pleases You, You assign tasks to one and all.

**ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥**

All things are Your Doing; we can do nothing ourselves. ||3||

**ਨਾਮੁ ਧਿਆਇ ਮਹਾ ਸੁਖੁ ਪਾਇਆ ॥**

Meditating on the Naam, I have found great peace.

**ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥**

Singing the Glorious Praises of the Lord, my mind is cooled and soothed.

**ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥**

Through the Perfect Guru, congratulations are pouring in-Nanak is victorious on the arduous battlefield of life! ||4||24||31||



# PRESS RELEASE

Sant Baba Malkiat Singh Ji, Chairman of Sant Baba Bhag Singh Educational Complex, Kindly, released a book named 'Mother's Day Bliss' authored by Mrs. Surinder Kaur Puar on March 8, 2013 on International Women's Day. This book speaks the universal truth of pain and suffering of a mother who lost her son prematurely, and how she processed the path of grieving believing in her faith. This book inspires hope in grieving parents to see all the children in this world as their own.

Most of departments heads, principals and some faculty graced the occasion with their presence whereas, some known writers such as Wasdev Singh Parhar, a historian and Virinder Singh Parhar, a novelist and a poet, Principal I. K. Pathak, Principal Dr. Sarla Nirankari, Puja Bhatia, and English Teacher, echoed the moving words from book. Dr. H.S. Sagar, General Director expressed his appreciation and the author thanked the audience and informed that all the proceeds from the book will be dedicated to scholarship fund at Sant Baba Bhag Singh Institute for needy children.

For more information, please contact : surinderkpaur@yahoo.com

Postal Regd. No. G/CHD/0045/2012-14 RNI Regd. No. 46788/89 ISSN 0972-2335

